ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

# ਪੰਜਾਬੀ ਦੁਨੀਆ

PUNJABI DUNIYA

Since April 2005 | Editor : Sharanjit Singh Thind | Weekly

Vol. 20 Issue 39 | Friday July 21 to July 27, 2023 | Published Weekly from New York | www.PUNJABIDUNIYA.com







# ਡੇਰਾ ਮੁਖੀ ਨੂੰ ਮੁੜ 30 ਦਿਨਾਂ ਦੀ ਪੈਰੋਲ ਮਿਲੀ

## ਯੂਪੀ ਦੇ ਬਰਨਾਵਾ ਆਸ਼ਰਮ ਵਿੱਚ ਰਹੇਗਾ ਗੁਰਮੀਤ ਰਾਮ ਰਹੀਮ; ਸੱਤਵੀਂ ਵਾਰ ਮਿਲੀ ਪੈਰੋਲ



ਚੰਡੀਗੜ੍ਹ - ਹਰਿਆਣਾ ਦੇ ਰੋਹਤਕ ਦੀ ਸੁਨਾਰੀਆ ਜੇਲ੍ਹ 'ਚ ਬੰਦ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੋਂ 30 ਦਿਨਾਂ ਦੀ ਪੈਰੋਲ ਮਿਲ ਗਈ ਹੈ। ਇਸ ਦੌਰਾਨ ਉਹ ਉੱਤਰ ਪ੍ਰਦੇਸ਼ ਦੇ ਬਾਗਪਤ ਜ਼ਿਲ੍ਹੇ ਦੇ ਬਰਨਾਵਾ ਆਸ਼ਰਮ 'ਚ ਰਹੇਗਾ। ਇਸ ਗੱਲ ਦੀ ਪੁਸ਼ਟੀ ਡੇਰਾ ਸਿਰਸਾ ਨਾਲ ਸਬੰਧਤ ਐਡਵੋਕੇਟ ਜਤਿੰਦਰ ਖੁਰਾਣਾ ਨੇ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਡੇਰਾ ਸਿਰਸਾ ਦੇ ਮੁਖੀ ਨੂੰ ਪੈਰੋਲ ਦੌਰਾਨ ਸਿਰਸਾ ਜਾਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਦਾ 15 ਅਗਸਤ ਨੂੰ ਜਨਮ ਦਿਨ ਹੁੰਦਾ ਹੈ। ਇਸ ਵਾਰ ਉਹ ਉੱਤਰ ਪ੍ਰਦੇਸ਼ ਦੇ ਬਰਨਾਵਾ ਆਸ਼ਰਮ ਵਿੱਚ ਹੀ ਆਪਣੇ ਸਮਰਥਕਾਂ ਨਾਲ ਜਨਮ ਦਿਨ ਮਨਾਏਗਾ। ਅਦਾਲਤ ਵੱਲੋਂ ਸਜਾ ਸੁਣਾਏ ਜਾਣ ਤੋਂ ਬਾਅਦ ਉਹ ਪਹਿਲੀ ਵਾਰ ਜੇਲ੍ਹ ਤੋਂ ਬਾਹਰ ਆਪਣਾ ਜਨਮ ਦਿਨ ਮਨਾਉਣ ਜਾ ਰਿਹਾ ਹੈ। ਡੇਰਾ ਸਿਰਸਾ ਦੇ ਪ੍ਰਬੰਧਕਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਵੀਰਵਾਰ ਨੂੰ ਅਦਾਲਤ ਤੋਂ ਪੈਰੋਲ ਮਿਲਣ ਉਪਰੰਤ ਦੇਰ ਸ਼ਾਮ ਉਹ ਬਰਨਾਵਾ ਆਸ਼ਰਮ ਵਿੱਚ ਪਹੁੰਚ ਗਿਆ ਹੈ। ਦੱਸਣਯੋਗ ਹੈ ਕਿ ਅਦਾਲਤ ਵੱਲੋਂ ਡੇਰਾ ਮੁਖੀ ਨੂੰ ਸੱਤਵੀਂ ਵਾਰ ਪੈਰੋਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ 21 ਜਨਵਰੀ 2023 'ਚ ਡੇਰਾ ਸਿਰਸਾ ਮੁਖੀ ਨੂੰ 40 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਉਸ ਤੋਂ ਪਹਿਲਾਂ ਅਕਤੂਬਰ 2022 'ਚ 40 ਦਿਨ, ਜੂਨ 2022 'ਚ 30 ਦਿਨ, ਫਰਵਰੀ 2022 'ਚ 21 ਦਿਨ ਤੇ ਮਈ 2021 'ਚ ਇਕ ਦਿਨ ਲਈ ਅਤੇ ਅਕਤੂਬਰ 2020 'ਚ ਇਕ ਦਿਨ ਲਈ ਪੈਰੋਲ ਦਿੱਤੀ ਗਈ ਸੀ।


## ਅਕਾਲ ਤਖਤ ਦੇ ਜਥੇਦਾਰ ਨੇ ਡੇਰਾ ਮੁਖੀ ਨੂੰ ਪੈਰੋਲ ਦੇਣ 'ਤੇ ਸਵਾਲ ਚੁੱਕੇ



ਅੰਮ੍ਰਿਤਸਰ (ਟਨਸ): ਕਤਲ ਤੇ ਬਲਾਤਕਾਰ ਦੇ ਦੋਸ਼ਾਂ ਤਹਿਤ ਜੇਲ੍ਹ 'ਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਮੁੜ 30 ਦਿਨ ਦੀ ਪੈਰੋਲ ਮਿਲਣ 'ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸਖ਼ਤ ਇਤਰਾਜ਼ ਪ੍ਰਗਟਾਇਆ ਗਿਆ ਹੈ। ਜਥੇਦਾਰ ਨੇ ਦੋਸ ਲਾਇਆ ਕਿ ਸਰਕਾਰਾਂ ਦੀ ਇਹ ਪੱਖਪਾਤੀ ਨੀਤੀ ਸਿੱਖਾਂ ਨੂੰ ਦੇਸ ਵਿਚ ਬੇਗਾਨਗੀ ਅਤੇ ਗੁਲਾਮੀ ਦਾ ਅਹਿਸਾਸ ਕਰਵਾਉਣ ਵਾਲੀ ਹੈ। ਇਕ ਪਾਸੇ ਗੰਭੀਰ ਦੋਸਾਂ ਹੇਠ ਸਜਾ ਕੱਟ ਰਹੇ ਡੇਰਾ ਮੁਖੀ ਨੂੰ ਵਾਰ ਵਾਰ ਪੈਰੋਲ ਦਿੱਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਸਜਾਵਾਂ ਦੀ ਮਿਆਦ ਪੂਰੀ ਕਰ ਚੁੱਕੇ ਸਿੱਖ ਬੰਦੀਆਂ ਦੀ ਰਿਹਾਈ ਨਹੀਂ ਕੀਤੀ ਜਾ ਰਹੀ ਜੋ ਮਨੁੱਖੀ ਹੱਕਾਂ ਦੀ ਵੱਡੀ ਉਲੰਘਣਾ ਹੈ ਜਿਸ ਕਾਰਨ ਸਮੁੱਚੇ ਸਿੱਖ ਜਗਤ ਵਿਚ ਸਰਕਾਰਾਂ ਪ੍ਰਤੀ ਭਾਰੀ ਨਾਰਾਜਗੀ ਅਤੇ ਰੋਸ ਹੈ। ਸ੍ਰੀ ਧਾਮੀ ਨੇ ਕਿਹਾ ਕਿ ਸਰਕਾਰਾਂ ਦੀ ਇਹ ਦੋਹਰੀ ਨੀਤੀ ਸਿੱਖਾਂ ਅੰਦਰ ਬੇਵਿਸ਼ਵਾਸੀ ਦਾ ਮਾਹੌਲ ਸਿਰਜ ਰਹੀ ਹੈ। ਜੇਕਰ ਕਾਤਲ ਅਤੇ ਬਲਾਤਕਾਰ ਦੇ ਸੰਗੀਨ ਜੁਲਮਾਂ ਦੇ ਦੋਸ਼ੀ ਡੇਰਾ ਮੁਖੀ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਸਕਦੀ ਹੈ ਤਾਂ ਫਿਰ ਬੰਦੀ ਸਿੰਘਾਂ ਦੀ ਰਿਹਾਈ ਕਿਉਂ ਨਹੀਂ ਕੀਤੀ ਜਾ ਰਹੀ। ਉਨ੍ਹਾਂ ਦੋਸ ਲਾਇਆ ਕਿ ਸਰਕਾਰਾਂ ਵੱਲੋਂ ਆਪਣੇ ਸਿਆਸੀ ਹਿੱਤਾਂ ਲਈ ਗੁਰਮੀਤ ਰਾਮ ਰਹੀਮ ਦੇ ਘਿਨੌਂਣੇ ਅਪਰਾਧਾਂ ਨੂੰ ਅੱਖੋਂ-ਪਰੋਖੇ ਕਰਕੇ ਉਸ ਨੂੰ ਵਾਰ-ਵਾਰ ਛੱਡਿਆ ਜਾ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਡੇਰਾ ਮੁਖੀ ਦੀ ਪੈਰੋਲ ਨੂੰ ਤੁਰੰਤ ਰੱਦ ਕਰਕੇ ਉਸ ਨੂੰ ਜੇਲ੍ਹ ਵਿਚ ਬੰਦ ਕੀਤਾ ਜਾਵੇ।

# ਜਵਾਬਦੇਹੀ ਤੋਂ ਨਹੀਂ ਬਚ ਸਕਦੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ: ਕਾਂਗਰਸ

ਨਵੀਂ ਦਿੱਲੀ: ਕਾਂਗਰਸ ਨੇ ਮਨੀਪੁਰ ਵਿੱਚ ਦੋ ਆਦਿਵਾਸੀ ਮਹਿਲਾਵਾਂ ਨੂੰ ਨਗਨ ਘੁਮਾਉਣ ਦੀ ਘਟਨਾ ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ ਮਗਰੋਂ ਅੱਜ ਕਿਹਾ ਕਿ ਸ੍ਰੀ ਮੋਦੀ ਨੇ ਉੱਤਰ-ਪੂਰਬੀ ਰਾਜ ਵਿੱਚ ਨਸਲੀ ਹਿੰਸਾ ਦੇ ਮੁੱਦੇ ਨੂੰ ਪੂਰੀ ਤਰ੍ਹਾਂ ਨਜਰਅੰਦਾਜ ਕੀਤਾ ਤੇ ਮੁੱਖ ਮੰਤਰੀ ਐੱਮ.ਬੀਰੇਨ ਸਿੰਘ ਨੂੰ ਅਹੁਦਾ ਛੱਡਣ ਲਈ ਵੀ ਨਹੀਂ ਕਿਹਾ। ਪਾਰਟੀ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਫੌਰੀ ਅਸਤੀਫਾ ਦੇਣਾ ਚਾਹੀਦਾ ਸੀ ਅਤੇ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਆਪਣੀ ਜਵਾਬਦੇਹੀ ਤੋਂ ਨਹੀਂ ਬਚ ਸਕਦੇ। ਮੁੱਖ ਵਿਰੋਧੀ ਧਿਰ ਕਾਂਗਰਸ ਨੇ ਮਨੀਪੁਰ ਵਿੱਚ ਰਾਸ਼ਟਰਪਤੀ ਰਾਜ ਲਾਗੂ ਕੀਤੇ ਜਾਣ ਦੀ ਮੰਗ ਵੀ ਕੀਤੀ। ਪਾਰਟੀ ਨੇ ਕਿਹਾ ਕਿ ਸੰਸਦ ਦੇ ਮੌਨਸੂਨ ਇਜਲਾਸ ਵਿੱਚ ਵਿਰੋਧੀ ਧਿਰਾਂ ਦਾ ਗੱਠਜੋੜ 'ਇੰਡੀਆ' ਮਨੀਪੁਰ ਨੂੰ ਲੈ ਕੇ ਸਰਕਾਰ ਤੋਂ ਜਵਾਬ ਮੰਗੇਗਾ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਖ਼ੁਦ ਇਸ ਦਾ ਜਵਾਬ ਦੇਣਾ ਚਾਹੀਦਾ ਹੈ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਮਨੀਪੁਰ ਹਿੰਸਾ ਨੂੰ ਲੈ ਕੇ 80 ਦਿਨਾਂ ਤੱਕ 'ਚੁੱਪ ਧਾਰੀ ਰੱਖੀ' ਤੇ ਦੇਸ਼ ਇਸ ਰਵੱਈਏ ਲਈ ਉਨ੍ਹਾਂ ਨੂੰ ਕਦੇ ਮੁਆਫ ਨਹੀਂ ਕਰੇਗਾ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਨੇ ਜਮਹੂਰੀਅਤ ਤੇ ਕਾਨੂੰਨ ਦੇ ਸ਼ਾਸਨ ਨੂੰ 'ਭੀੜਤੰਤਰ' ਵਿਚ ਬਦਲ ਦਿੱਤਾ ਹੈ। ਖੜਗੇ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਮਨੀਪੁਰ ਦਾ ਦੌਰਾ ਕਰਨਾ ਚਾਹੀਦਾ ਹੈ। ਉਧਰ ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਟਵੀਟ ਕੀਤਾ, "1800 ਘੰਟਿਆਂ ਤੋਂ ਵੱਧ ਦੀ ਚੁੱਪੀ ਮਗਰੋਂ ਅਖੀਰ ਪ੍ਰਧਾਨ ਮੰਤਰੀ ਨੇ ਮਨੀਪੁਰ ਬਾਰੇ ਕੁੱਲ 30 ਸਕਿੰਟਾਂ ਤੱਕ ਗੱਲ ਕੀਤੀ।" ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਹੋਰਨਾਂ ਰਾਜਾਂ, ਖਾਸ ਕਰਕੇ ਗੈਰ-ਭਾਜਪਾ ਸ਼ਾਸਿਤ ਰਾਜਾਂ (ਰਾਜਸਥਾਨ ਤੇ ਛੱਤੀਸਗੜ੍ਹ) ਵਿੱਚ ਮਹਿਲਾਵਾਂ ਖਿਲਾਫ ਅਪਰਾਧਾਂ ਦੀ ਤੁਲਨਾ ਕਰਕੇ ਮਨੀਪੁਰ ਵਿੱਚ ਸ਼ਾਸਨ ਦੀ ਵੱਡੀ ਅਸਫਲਤਾ ਤੇ ਮਨੁੱਖੀ ਤ੍ਰਾਸਦੀ ਤੋਂ ਧਿਆਨ ਹਟਾਉਣ ਦੀ ਪੁਰਜੋਰ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ 'ਇੰਡੀਆ' ਜਵਾਬ ਮੰਗਣਾ ਜਾਰੀ ਰੱਖੇਗਾ। ਉਧਰ ਕਾਂਗਰਸ ਸੰਸਦੀ ਦਲ ਦੀ ਆਗੂ ਸੋਨੀਆ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਸਦਨ ਵਿੱਚ ਮਨੀਪੁਰ ਦੇ ਹਾਲਾਤ ਬਾਰੇ ਚਰਚਾ ਕਰਨ। ਸੀਨੀਅਰ ਪਾਰਟੀ ਆਗੂ ਪੀ.ਚਿਦੰਬਰਮ ਨੇ ਟਵੀਟ ਕੀਤਾ, "ਮਾਣਯੋਗ ਪ੍ਰਧਾਨ ਮੰਤਰੀ ਨੇ ਮਨੀਪੁਰ ਬਾਰੇ ਆਪਣੀ ਚੁੱਪੀ ਤੋੜੀ। ਜਦੋਂ ਉਹ ਅਮਰੀਕਾ, ਫਰਾਂਸ, ਯੂਏਈ ਤੇ ਦੇਸ਼ ਦੇ ਵੱਖ ਵੱਖ ਰਾਜਾਂ ਵਿੱਚ ਪ੍ਰਾਜੈਕਟਾਂ ਦੇ ਉਦਘਾਟਨ ਜਾਂ ਫਿਰ ਕਿਸੇ ਹੋਰ ਕੰਮ ਗਏ, ਉਨ੍ਹਾਂ ਕਦੇ ਵੀ ਮਨੀਪੁਰ ਦੇ ਲੋਕਾਂ ਬਾਰੇ ਸੋਚਣ ਲਈ ਸਮਾਂ ਨਹੀਂ ਕੱਢਿਆ। ਮੈਂ ਹੈਰਾਨ ਹਾਂ ਕਿ ਉਹ ਮਨੀਪੁਰ ਨੂੰ ਯਾਦ ਕਰਨ ਲਈ ਕਿਉਂ ਮਜਬੂਰ ਹੋਏ? ਕੀ ਇਸ ਪਿੱਛੇ ਮਨੀਪੁਰ ਦੀਆਂ ਮਹਿਲਾਵਾਂ ਖਿਲਾਫ ਅਪਰਾਧ ਦੀ ਖੌਫਨਾਕ ਵੀਡੀਓ ਸੀ? ਕੀ ਸੁਪਰੀਮ ਕੋਰਟ ਵੱਲੋਂ ਮਨੀਪੁਰ ਵਿੱਚ ਵੱਡੇ ਪੱਧਰ 'ਤੇ ਮਨੁੱਖੀ ਹੱਕਾਂ ਦੀ ਉਲੰਘਣਾ ਦਾ ਖੁਦ ਨੋਟਿਸ ਲੈਣਾ ਸੀ?"

# ਆਸਟ੍ਰੇਲੀਅਨ ਬੀਚ 'ਤੇ ਮਿਲੀ ਰਹੱਸਮਈ ਵਸਤੂ





ਸਿਡਨੀ: ਪੱਛਮੀ ਆਸਟ੍ਰੇਲੀਆ 'ਚ ਇੱਕ ਬੀਚ 'ਤੇ ਰੁੜ ਕੇ ਆਈ ਇੱਕ ਰਹੱਸਮਈ ਵਸਤੂ ਮਿਲੀ ਹੈ। ਅਧਿਕਾਰੀ ਇਸ ਨੂੰ ਖ਼ਤਰਨਾਕ ਮੰਨ ਰਹੇ ਹਨ, ਅਤੇ ਇਹ ਪਛਾਣ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਇਹ ਅਸਲ 'ਚ ਕੀ ਹੈ। ਪੱਛਮੀ ਆਸਟ੍ਰੇਲੀਆ 'ਚ ਗ੍ਰੀਨ ਹੈੱਡ ਨੇੜੇ ਬੀਚ 'ਤੇ ਰਹੱਸਮਈ ਵਸਤੂ ਮਿਲਣ 'ਤੇ ਸਥਾਨਕ ਲੋਕ ਹੈਰਾਨ ਹਨ। ਇਸ ਵਸਤੂ ਸਬੰਧੀ ਔਨ-ਲਾਈਨ ਅਟਕਲਾਂ ਲਗਾਈਆਂ ਗਈਆਂ ਜਿਸ 'ਚ ਕੁੱਝ ਲੋਕਾਂ ਨੇ ਸੁਝਾਅ ਦਿੱਤਾ ਕਿ ਇਹ ਲਾਪਤਾ ਜਹਾਜ਼ 8$੩੭੦ ਨਾਲ ਸਬੰਧਤ ਹੋ ਸਕਦੀ ਹੈ ਜੋ 2014 'ਚ ਗਾਇਬ ਹੋ ਗਿਆ ਸੀ।ਹਾਲਾਂਕਿ ਹਵਾਬਾਜ਼ੀ ਮਾਹਿਰ ਜੈਫ਼ਰੀ ਥੌਮਸ ਨੇ ਇਸ ਥਿਊਰੀ ਨੂੰ ਖਾਰਿਜ ਕਰ ਦਿੱਤਾ ਕਿ ਇਸ ਦਾ ਸਬੰਧ HM370 ਜਾਂ ਇੱਕ ਬੋਇੰਗ 777 ਹਵਾਈ ਜਹਾਜ਼ ਨਾਲ ਹੋ ਸਕਦਾ ਹੈ। ਉਨ੍ਹਾਂ ਮੁਤਾਬਿਕ ਇਹ ਵਸਤੂ ਪਿਛਲੇ ਸਾਲ ਲੌਂਚ ਕੀਤੇ ਗਏ ਇੱਕ ਰਾਕੇਟ ਦਾ ਇੱਕ ਹਿੱਸਾ ਹੋ ਸਕਦੀ ਹੈ। ਹਵਾਬਾਜ਼ੀ ਮਾਹਿਰ ਅਤੇ Airlineratings.com 'ਤੇ ਇਨ-ਚੀਫ਼ ਸੰਪਾਦਕ ਜੈਫ਼ਰੀ ਥੌਮਸ ਨੇ ਕਿਹਾ, "ਇਹ ਪਿਛਲੇ 12 ਮਹੀਨਿਆਂ 'ਚ ਲੌਂਚ ਕੀਤੇ ਗਏ ਇੱਕ ਰਾਕੇਟ ਤੋਂ ਇੱਕ ਸੰਭਾਵਿਤ ਬਾਲਣ ਟੈਂਕ ਜਾਪਦਾ ਹੈ ਜੋ ਹਿੰਦ ਮਹਾਸਾਗਰ 'ਚ ਕਿਤੇ ਸੁੱਟਿਆ ਗਿਆ ਅਤੇ ਗ੍ਰੀਨ ਹੈੱਡ 'ਚ ਪਹੁੰਚ ਗਿਆ।" ਉਸ ਨੇ ਅੱਗੇ ਕਿਹਾ, "ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਕਿ ਇਹ HM370 ਦਾ ਹਿੱਸਾ ਹੈ। ਇਹ ਬੋਇੰਗ 777 ਦਾ ਕੋਈ ਹਿੱਸਾ ਨਹੀਂ ਹੈ।" ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਪੱਛਮੀ ਆਸਟ੍ਰੇਲੀਆ ਪੁਲੀਸ, ਆਸਟ੍ਰੇਲੀਆਈ ਰੱਖਿਆ ਬਲ ਅਤੇ ਸਮੁੰਦਰੀ ਭਾਈਵਾਲਾਂ ਦੀ ਇੱਕ ਸਹਿਯੋਗੀ ਜਾਂਚ ਇਸ ਸਮੇਂ ਚੱਲ ਰਹੀ ਹੈ। ਪੱਛਮੀ ਆਸਟ੍ਰੇਲੀਆ ਪੁਲੀਸ ਫ਼ੋਰਸ (➡1♦6) ਨੇ ਇੱਕ ਬਿਆਨ 'ਚ ਕਿਹਾ, "ਅਸੀਂ ਭਾਈਚਾਰੇ ਨੂੰ ਭਰੋਸਾ ਦਿਵਾਉਣਾ ਚਾਹੁੰਦੇ ਹਾਂ ਕਿ ਅਸੀਂ ਵਸਤੂ ਦੇ ਮੂਲ ਅਤੇ ਪ੍ਰਕਿਰਤੀ ਨੂੰ ਨਿਰਧਾਰਿਤ ਕਰਨ ਲਈ ਵੱਖ-ਵੱਖ ਰਾਜ ਅਤੇ ਸੰਘੀ ਏਜੰਸੀਆਂ ਨਾਲ ਸਹਿਯੋਗੀ ਯਤਨਾਂ 'ਚ ਸਰਗਰਮੀ ਨਾਲ ਰੁੱਝੇ ਹੋਏ ਹਾਂ। ਇਸ 'ਚ ਅੱਗੇ ਕਿਹਾ ਗਿਆ ਹੈ, "ਜਾਂਚ ਜਾਰੀ ਹੈ ਅਤੇ ਜਦੋਂ ਤਕ ਹੋਰ ਜਾਣਕਾਰੀ ਉਪਲਬਧ ਨਹੀਂ ਹੁੰਦੀ, ਅਸੀਂ ਸਾਰਿਆਂ ਨੂੰ ਸਿੱਟੇ ਕੱਢਣ ਤੋਂ ਗ਼ੁਰੇਜ਼ ਕਰਨ ਦੀ ਅਪੀਲ ਕਰਦੇ ਹਾਂ।" ਪੁਲੀਸ ਨੇ ਅੱਗੇ ਕਿਹਾ ਕਿ ਵਸਤੂ ਨੂੰ ਖ਼ਤਰਨਾਕ ਮੰਨਿਆ ਜਾ ਰਿਹਾ ਹੈ, ਜਦੋਂ ਤਕ ਇਸ ਦਾ ਮੂਲ ਸਥਾਪਿਤ ਨਹੀਂ ਹੋ ਜਾਂਦਾ। ਲੋਕਾਂ ਨੂੰ ਖੇਤਰ ਤੋਂ ਇੱਕ ਸੁਰੱਖਿਅਤ ਦੂਰੀ ਬਣਾਈ ਰੱਖਣ ਦੀ ਅਪੀਲ ਕੀਤੀ ਗਈ ਹੈ।

# ਪੰਜਾਬ 'ਚ ਹੜ੍ਹਾਂ ਦੇ ਹਾਲਾਤ ਦਰਮਿਆਨ ਮਾਂ ਨੂੰ ਆਈ ਪੁੱਤ ਮੂਸੇਵਾਲਾ ਦੀ ਯਾਦ



ਮਾਨਸਾ: ਭਾਰੀ ਮੀਂਹ ਨਾਲ ਪੰਜਾਬ 'ਚ ਇਸ ਸਮੇਂ ਪੈਦਾ ਹੋਏ ਹੜ੍ਹਾਂ ਦੇ ਹਾਲਾਤ ਦਰਮਿਆਨ ਚਰਨ ਕੌਰ ਨੇ ਪੁੱਤ ਸਿੱਧੂ ਮੂਸੇਵਾਲਾ ਨੂੰ ਯਾਦ ਕਰਦਿਆਂ ਸ਼ੋਸਲ ਮੀਡੀਆ 'ਤੇ ਭਾਵੁਕ ਪੋਸਟ ਸਾਂਝੀ ਕੀਤੀ ਹੈ। ਚਰਨ ਕੌਰ ਨੇ ਲਿਖਿਆ, "ਪੁੱਤ ਤੁਹਾਡੀ ਕਮੀ ਅੱਜ ਪੰਜਾਬ 'ਤੇ ਪਈ ਵਿਪਤਾ 'ਚ ਮੈਂ ਮਹਿਸੂਸ ਕਰ ਰਹੀ ਹਾਂ।"

"ਜਿਉਂ ਪੰਜਾਬ ਦੇ ਕਿੰਨੀਆਂ ਮਾਵਾਂ ਦੇ ਪੁੱਤ ਪੰਜਾਬ ਨੂੰ ਬਚਾਉਣ ਲਈ ਅੱਗੇ ਆ ਰਹੇ ਹਨ, ਉਥੇ ਹੀ ਮੈਂ ਮਹਿਸੂਸ ਕਰ ਰਹੀ ਹਾਂ ਕਿ ਜੇਕਰ ਤੁਸੀਂ ਹੁੰਦੇ ਤਾਂ ਪੁੱਤ ਤੁਸੀਂ ਵੀ ਅੱਜ ਪੰਜਾਬ ਲਈ ਅੱਗੇ ਆਉਣਾ ਸੀ, ਪੰਜਾਬ ਅਤੇ ਪੰਜਾਬੀਅਤ ਲਈ ਤੁਹਾਡੇ ਦਿਲ 'ਚ ਜੋ ਪਿਆਰ ਸੀ, ਉਹ ਅੱਜ ਮੈਂ ਆਪਣੇ ਅੰਦਰ ਮਹਿਸੂਸ ਕਰ ਰਹੀ ਹਾਂ, ਅਕਾਲ ਪੁਰਖ ਪੰਜਾਬ 'ਤੇ ਮਿਹਰ ਕਰੇ।"

ਸਿੱਧੂ ਨੂੰ ਯਾਦ ਕਰਦਿਆਂ ਮਾਂ ਚਰਨ ਕੌਰ ਨੇ ਭਾਵੁਕ ਲਾਈਨਾਂ ਲਿਖੀਆਂ, "ਤੇਰੀ ਲੋੜ ਦੀ ਮੈਨੂੰ ਖੋਹ ਪੈਂਦੀ, ਤੂੰ ਪਹਿਲ ਅਤੇ ਅੱਗੇ ਆਉਣਾ ਸੀ, ਜਿੰਨੇ ਖੜ੍ਹੇ ਸੰਦ ਤੇਰੇ ਵਿਹੜੇ 'ਚ ਅੱਜ ਸਭ ਨੂੰ ਕੰਮੇ ਲਗਾਉਣਾ ਸੀ, 5911 'ਤੇ ਚੜ੍ਹ ਕੇ ਜਾ ਵੜਨਾ ਸੀ, ਡੁਬਦੇ ਪਿੰਡਾਂ 'ਚ ਤੂੰ ਟਰੈਕਟਰ ਖ਼ੂਬ ਚਲਾਉਣਾ ਸੀ, ਜਿਓਂ ਦਿੱਲੀ ਲੰਗਰ ਲਾਏ ਸੀ, ਸਭ ਦੇ ਦੁੱਖ ਵੰਡਾਏ ਸੀ, ਇਉਂ ਹੀ ਅੱਜ ਵੀ ਅੱਗੇ ਆਉਣਾ ਸੀ, ਡੁੱਬਦੇ ਪਿੰਡਾਂ ਵਿੱਚ, ਪੁੱਤਰਾ ਤੂੰ ਟਰੈਕਟਰ ਖ਼ੂਬ ਚਲਾਉਣਾ ਸੀ।"



# ਜਲੰਧਰ ਦੇ ਲੋਕਾਂ ਦੀ ਸਾਰ ਲੈਣ ਨਹੀਂ ਪੁੱਜਾ ਹਰਭਜਨ ਸਿੰਘ

ਜਲੰਧਰ: ਪੰਜਾਬ ਦੇ ਕਈ ਇਲਾਕੇ ਜਿਸ ਤਰ੍ਹਾਂ ਹੜ੍ਹ ਦੀ ਲਪੇਟ 'ਚ ਹਨ ਅਤੇ ਪਿਛਲੇ ਕਰੀਬ 10 ਤੋਂ 12 ਦਿਨ ਦਾ ਸਮਾਂ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੇ ਬੇਹੱਦ ਮੁਸ਼ਕਿਲ ਭਰਿਆ ਕੱਟਿਆ ਹੈ ਅਤੇ ਹੁਣ ਵੀ ਉਨ੍ਹਾਂ ਦੀ ਮੁਸ਼ਕਿਲਾਂ ਘੱਟ ਨਹੀਂ ਹੋਈਆਂ ਹਨ। ਕੁੱਝ ਇਲਾਕਿਆਂ 'ਚ ਅਜੇ ਵੀ ਹੜ੍ਹ ਦਾ ਪਾਣੀ ਹੈ, ਜਦਕਿ ਜਿੱਥੇ ਪਾਣੀ ਨਿਕਲ ਚੁੱਕਾ ਹੈ, ਉੱਥੇ ਲੋਕਾਂ ਨੂੰ ਹੋਰ ਸਮੱਸਿਆਵਾਂ ਨਾਲ ਦੋ-ਦੋ ਹੱਥ ਕਰਨੇ ਪੈ ਰਹੇ ਹਨ। ਜਲੰਧਰ ਦਾ ਵੀ ਇੱਕ ਬਹੁਤ ਵੱਡਾ ਹਿੱਸਾ ਹੜ੍ਹ ਕਾਰਨ ਪ੍ਰਭਾਵਿਤ ਰਿਹਾ। ਮੁੱਖ ਮੰਤਰੀ ਭਗਵੰਤ ਮਾਨ ਤੋਂ ਲੈ ਕੇ ਸੂਬੇ ਦੇ ਕੈਬਨਿਟ ਮੰਤਰੀ ਅਤੇ ਅਧਿਕਾਰੀ ਦਿਨ-ਰਾਤ ਲੋਕਾਂ ਨੂੰ ਬਚਾਉਣ ਅਤੇ ਪਾਣੀ ਨੂੰ ਪਿੰਡਾਂ 'ਚ ਦਾਖਲ ਹੋਣ ਤੋਂ ਰੋਕਣ ਲਈ ਪ੍ਰਬੰਧਾਂ 'ਚ ਲੱਗੇ ਰਹੇ ਪਰ ਇੱਕ ਵਾਰ ਫ਼ਿਰ ਜਲੰਧਰ ਲਈ ਇਸ ਮੁਸੀਬਤ ਦੀ ਘੜੀ 'ਚ ਲੋਕਾਂ ਦੀ ਸਹਾਇਤਾ ਲਈ ਕ੍ਰਿਕਟਰ ਹਰਭਜਨ ਸਿੰਘ ਭੱਜੀ ਨਹੀਂ ਪੁੱਜੇ।



ਲੋਹੀਆਂ, ਸ਼ਾਹਕੋਟ ਅਤੇ ਆਸ-ਪਾਸ ਦੇ ਇਲਾਕਿਆਂ 'ਚ ਲੋਕਾਂ ਦੀ ਸਹਾਇਤਾ ਲਈ ਆਮ ਆਦਮੀ ਪਾਰਟੀ ਦੇ ਹੀ ਰਾਜ ਸਭਾ ਸੰਸਦ ਮੈਂਬਰ ਸੰਤ ਸੀਚੇਵਾਲ ਨੇ ਮਿਹਨਤ ਕਰਨ 'ਚ ਕੋਈ ਕਮੀ ਨਹੀਂ ਛੱਡੀ ਪਰ ਜਲੰਧਰ ਤੋਂ ਆਪ ਦੇ ਰਾਜ ਸਭਾ ਸੰਸਦ ਮੈਂਬਰ ਹਰਭਜਨ ਸਿੰਘ ਕਿਤੇ ਨਜ਼ਰ ਨਹੀਂ ਆਏ। ਕਿੰਨੇ ਲੋਕਾਂ ਦੇ ਘਰ ਡੁੱਬ ਗਏ ਅਤੇ ਕਿੰਨੇ ਲੋਕ ਬੇਘਰ ਹੋ ਗਏ ਪਰ ਜਲੰਧਰ ਦੇ ਕੋਟੇ 'ਚੋਂ ਰਾਜ ਸਭਾ ਪੁੱਜੇ ਹਰਭਜਨ ਸਿੰਘ ਕਿਤੇ ਵੀ ਲੋਕਾਂ ਦੀ ਸਹਾਇਤਾ ਕਰਨ ਨਹੀਂ ਪੁੱਜੇ।

ਇਸ ਤੋਂ ਪਹਿਲਾਂ ਜਲੰਧਰ 'ਚ ਲੋਕ ਸਭਾ ਉੱਪ ਚੋਣ 'ਚ ਵੀ ਹਰਭਜਨ ਸਿੰਘ ਆਪਣੀ ਪਾਰਟੀ ਦੀ ਮਦਦ ਲਈ ਜਲੰਧਰ ਨਹੀਂ ਆਏ। ਉਸ ਦੌਰ 'ਚ ਚਲੋ ਇਹ ਮੰਨ ਲਿਆ ਜਾਂਦਾ ਕਿ ਚੋਣਾਂ 'ਚ ਆ ਕੇ ਉਹ ਕੀ ਕਰਦੇ, ਪਰ ਇਸ ਵਾਰ ਜੋ ਪੰਜਾਬ ਖਾਸਕਰ ਜਲੰਧਰ ਦੇ ਲੋਕਾਂ ਨਾਲ ਤ੍ਰਾਸਦੀ ਹੋਈ ਹੈ, ਉਸ ਸਮੇਂ 'ਚ ਹਰਭਜਨ ਸਿੰਘ ਦਾ ਗਾਇਬ ਰਹਿਣਾ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰ ਰਿਹਾ ਹੈ। ਹਰਭਜਨ ਸਿੰਘ ਦੀ ਇਸ ਬੇਰੁਖ਼ੀ ਨੂੰ ਸ਼ਾਇਦ ਜਲੰਧਰ ਦੇ ਲੋਕ ਕਦੇ ਨਹੀਂ ਭੁੱਲਣਗੇ।

ਪੰਜਾਬ 'ਚ ਜੁਲਾਈ ਦੇ ਪਹਿਲੇ ਹਫ਼ਤੇ ਤੋਂ ਲਗਾਤਾਰ ਜਲੰਧਰ ਦੇ ਲੋਕ ਮੁਸੀਬਤ 'ਚ ਹਨ। ਹੜ੍ਹ ਅਤੇ ਇਲਾਕਿਆਂ 'ਚ ਪਾਣੀ ਦਾਖਲ ਹੋਣ ਕਾਰਨ ਪ੍ਰੇਸ਼ਾਨ ਲੋਕਾਂ ਲਈ ਹਰਭਜਨ ਸਿੰਘ ਨੇ ਆਪਣੇ ਟਵਿੱਟਰ ਅਕਾਊਂਟ 'ਤੇ 6-7 ਦਿਨ ਪਹਿਲਾਂ ਇੱਕ ਪੋਸਟ ਪਾ ਕੇ ਖਾਨਾਪੂਰਤੀ ਕਰ ਦਿੱਤੀ। ਭੱਜੀ ਨੇ ਆਪਣੇ ਟਵਿਟਰ ਐਕਾਊਂਟ 'ਤੇ ਪੰਜਾਬ ਅਤੇ ਹਿਮਾਚਲ 'ਚ ਮੀਂਹ ਅਤੇ ਹੜ੍ਹ ਨੂੰ ਲੈ ਕੇ ਵਾਹਿਗੁਰੂ ਨੂੰ ਮਿਹਰ ਦੀ ਅਰਦਾਸ ਕੀਤੀ।


ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਅਤੇ ਪਹਿਲੀ ਵਾਰ ਕਿਸੇ ਮੁੱਖ ਮੰਤਰੀ ਨੂੰ ਹਵਾਈ ਸਰਵੇਖਣ ਦੀ ਜਗ੍ਹਾ ਹੜ੍ਹ ਦੇ ਪਾਣੀ 'ਚ ਖੜ੍ਹੇ ਹੋ ਕੇ ਸਥਿਤੀ ਦਾ ਜਾਇਜ਼ਾ ਲੈਂਦੇ ਹੋਏ ਵੇਖਿਆ ਗਿਆ। ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਹੜ੍ਹ ਪ੍ਰਭਾਵਿਤ ਸਾਰੇ ਇਲਾਕਿਆਂ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਨੂੰ ਹਰ ਸੰਭਵ ਸਹਾਇਤਾ ਦੇਣ ਅਤੇ ਹੜ੍ਹ ਨਾਲ ਨਜਿੱਠਣ ਲਈ ਹਰ ਤਰ੍ਹਾਂ ਦੇ ਹਥਕੰਡੇ ਅਪਨਾਉਣ ਨੂੰ ਕਿਹਾ। ਇਸ ਸਥਿਤੀ 'ਚ ਜੇਕਰ ਮੁੱਖ ਮੰਤਰੀ ਵਜੋਂ ਭਗਵੰਤ ਮਾਨ ਸਾਰੇ ਇਲਾਕਿਆਂ ਦਾ ਦੌਰਾ ਕਰ ਸਕਦੇ ਹਨ ਤਾਂ ਹਰਭਜਨ ਸਿੰਘ ਭਗਵੰਤ ਮਾਨ ਤੋਂ ਤਾਂ ਜ਼ਿਆਦਾ ਬਿਜ਼ੀ ਨਹੀਂ ਹੋਣਗੇ। ਲੋਕ ਤਾਂ ਇਹ ਵੀ ਪੁੱਛ ਰਹੇ ਹਨ ਕਿ ਉਨ੍ਹਾਂ ਨੂੰ ਫ਼ਿਰ ਜਲੰਧਰ ਦੇ ਲੋਕਾਂ ਦੀ ਯਾਦ ਕਿਉਂ ਨਹੀਂ ਆਈ। ਜਲੰਧਰ ਤੋਂ ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਕੋਸ਼ਿਸ਼ ਕੀਤੀ, ਮੋਢੇ 'ਤੇ ਬੋਰੀਆਂ ਵੀ ਚੁੱਕੀਆਂ। ਹਰਭਜਨ ਸਿੰਘ ਜਲੰਧਰ ਆ ਕੇ ਬੋਰੀਆਂ ਨਾ ਵੀ ਚੁੱਕਦੇ, ਬਸ ਲੋਕਾਂ ਦੇ ਨਾਲ ਹੀ ਖੜ੍ਹੇ ਹੋ ਜਾਂਦੇ, ਓਦੋਂ ਵੀ ਸ਼ਾਇਦ ਜਲੰਧਰ ਦੇ ਲੋਕ ਹਾਲਤ ਨੂੰ ਸਮਝ ਜਾਂਦੇ ਪਰ ਹਰਭਜਨ ਸਿੰਘ ਦਾ ਗਾਇਬ ਰਹਿਣਾ ਇੱਥੋਂ ਦੇ ਲੋਕਾਂ ਦੇ ਦਰਦ ਨੂੰ ਹੋਰ ਵਧਾ ਗਿਆ।

## ਅਮਰੀਕਾ ਦੇ ਪੈਨਸਿਲਵੇਨੀਆ 'ਚ ਹੜ੍ਹ ਕਾਰਨ ਪੰਜ ਦੀ ਮੌਤ, ਦੋ ਲਾਪਤਾ

ਵਾਸ਼ਿੰਗਟਨ: ਅਮਰੀਕਾ ਦੇ ਪੈਨਸਿਲਵੇਨੀਆ ਸੂਬੇ 'ਚ ਸ਼ਨੀਵਾਰ ਸ਼ਾਮ ਨੂੰ ਅਚਾਨਕ ਆਏ ਹੜ੍ਹ ਕਾਰਨ ਘੱਟੋ-ਘੱਟ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਦੋ ਹੋਰ ਅਜੇ ਵੀ ਲਾਪਤਾ ਹਨ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਅਪਰ ਮੇਕਫ਼ੀਲਡ ਟਾਊਨਸ਼ਿਪ ਪੁਲੀਸ ਡਿਪਾਰਟਮੈਂਟ ਨੇ ਫ਼ੇਸਬੁੱਕ 'ਤੇ ਕਿਹਾ ਕਿ ਅਚਾਨਕ ਆਏ ਹੜ੍ਹ ਨੇ ਬਹੁਤ ਸਾਰੇ ਵਾਹਨ ਚਾਲਕਾਂ ਨੂੰ ਹੈਰਾਨ ਕਰ ਦਿੱਤਾ ਅਤੇ ਬਹੁਤ ਸਾਰੇ ਚਾਲਕ ਫ਼ਸੇ ਹੋਏ ਹਨ। ਇਹ ਸ਼ਹਿਰ ਫ਼ਿਲੇਡੇਲਫ਼ੀਆ ਤੋਂ ਲਗਭਗ 56 ਕਿਲੋਮੀਟਰ ਉੱਤਰ-ਪੂਰਬ 'ਚ ਸਥਿਤ ਹੈ।



ਸਥਾਨਕ ਪੁਲੀਸ ਵਿਭਾਗ ਨੇ ਕਿਹਾ ਕਿ ਇਹ ਇਲਾਕਾ ਮੋਹਲੇਧਾਰ ਬਾਰਸ਼ ਨਾਲ ਪ੍ਰਭਾਵਿਤ ਹੋਇਆ ਹੈ ਜਿਸ ਕਾਰਨ ਟਾਊਨਸ਼ਿਪ ਦੇ ਕਈ ਇਲਾਕਿਆਂ 'ਚ ਹੜ੍ਹ ਆ ਗਿਆ ਹੈ। ਵਿਭਾਗ ਨੇ ਕਿਹਾ ਕਿ ' ਰਾਹਤ ਅਤੇ ਬਚਾਅ ਟੀਮਾਂ ਲੋਕਾਂ ਨੂੰ ਬਚਾਉਣ ਲਈ ਸਵੇਰ ਤੋਂ ਹੀ ਅਣਥੱਕ ਮਿਹਨਤ ਕਰ ਰਹੀਆਂ ਹਨ।" ਵਿਭਾਗ ਨੇ ਐਲਾਨ ਕੀਤਾ ਕਿ ਹੜ੍ਹ 'ਚ ਰੁੜੇ ਤਿੰਨ ਲੋਕ ਮ੍ਰਿਤਕ ਪਾਏ ਗਏ। ਬਾਅਦ 'ਚ ਚੌਥੀ ਅਤੇ ਪੰਜਵੀਂ ਮੌਤ ਦੀ ਪੁਸ਼ਟੀ ਹੋਈ। ਮਰਨ ਵਾਲਿਆਂ 'ਚ ਦੋ ਬੱਚੇ ਵੀ ਸ਼ਾਮਿਲ ਹਨ। ਅਧਿਕਾਰੀਆਂ ਮੁਤਾਬਿਕ ਹੜ੍ਹ 'ਚ ਮਰਨ ਵਾਲੇ ਪੰਜ ਲੋਕਾਂ 'ਚ ਲ ਲਾਪਤਾ ਬੱਚਿਆਂ ਦੀ ਮਾਂ ਵੀ ਸ਼ਾਮਿਲ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਦੱਖਣੀ ਕੈਰੋਲਾਈਨਾ ਦਾ ਰਹਿਣ ਵਾਲਾ ਇਹ ਪਰਿਵਾਰ ਇਲਾਕੇ 'ਚ ਰਿਸ਼ਤੇਦਾਰਾਂ ਨੂੰ ਮਿਲਣ ਗਿਆ ਹੋਇਆ ਸੀ। ਉਹ ਬਾਰਬੀਕਿਊ ਲਈ ਜਾ ਰਹੇ ਸਨ। ਇਸ ਦੌਰਾਨ ਉਨ੍ਹਾਂ ਦੀ ਗੱਡੀ ਅਚਾਨਕ ਆਏ ਹੜ੍ਹ 'ਚ ਫ਼ਸ ਗਈ। ਔਰਤ ਦਾ ਪਤੀ ਅਤੇ ਚਾਰ ਸਾਲਾ ਬੇਟਾ ਭੱਜਣ 'ਚ ਕਾਮਯਾਬ ਹੋ ਗਏ। ਪਰਿਵਾਰ ਦੀ ਦਾਦੀ ਵੀ ਬਚ ਗਈ ਅਤੇ ਉਨ੍ਹਾਂ ਦਾ ਸਥਾਨਕ ਹਸਪਤਾਲ 'ਚ ਇਲਾਜ ਕੀਤਾ ਗਿਆ। ਅਪਰ ਮੇਫ਼ੀਲਡ ਟਾਊਨਸ਼ਿਪ ਨੇ ਮੌਸਮ ਨਾਲ ਸਬੰਧਤ ਸਥਾਨਕ ਆਫ਼ਤ ਐਮਰਜੈਂਸੀ ਘੋਸ਼ਿਤ ਕੀਤੀ ਹੈ। ਸਥਾਨਕ ਅਧਿਕਾਰੀਆਂ ਨੇ ਲੋਕਾਂ ਨੂੰ ਹੜ੍ਹ ਕਾਰਨ ਘਰਾਂ ਜਾਂ ਕਾਰੋਬਾਰੀ ਜਾਇਦਾਦਾਂ ਨੂੰ ਹੋਏ ਨੁਕਸਾਨ ਦੀ ਰਿਪੋਰਟ ਕਰਨ ਲਈ ਕਿਹਾ ਹੈ।









# ਲੱਖਾਂ ਡਾਲਰ ਲਾ ਕੇ ਆਸਟ੍ਰੇਲੀਆ ਭੇਜੀ ਪਤਨੀ ਪਤੀ ਨੂੰ ਪੀਆਰ ਕਰਵਾਉਣ ਤੋਂ ਮੁੱਕਰੀ

ਮਾਛੀਵਾੜਾ ਸਾਹਿਬ 1.07 ਲੱਖ ਡਾਲਰ ਖ਼ਰਚ ਕੇ ਆਸਟ੍ਰੇਲੀਆ ਭੇਜੀ ਪਤਨੀ ਆਪਣੇ ਪਤੀ ਨੂੰ ਪੀਆਰ ਕਰਵਾਉਣ ਤੋਂ ਮੁੱਕਰਨ ਦੇ ਕਥਿਤ ਦੋਸ਼ ਹੇਠ ਪਤਨੀ ਭਵਨੀਤ ਕੌਰ, ਸਹੁਰਾ ਗੁਰਮੀਤ ਸਿੰਘ ਅਤੇ ਸੱਸ ਧਰਮਵੀਰ ਕੌਰ ਵਾਸੀ ਖੰਨਾ ਖ਼ਿਲਾਫ਼ ਪੁਲੀਸ ਨੇ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਮਾਛੀਵਾੜਾ ਵਾਸੀ ਸੋਮ ਨਾਥ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਕੋਲ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦਾ ਲੜਕਾ ਅਕਾਸ਼ ਕੰਪਿਊਟਰ ਰਿਪੇਅਰ ਦੀ ਦੁਕਾਨ ਕਰਦਾ ਸੀ ਜਿਸ ਦੇ ਸਾਹਮਣੇ ਹੀ ਗੁਰਮੀਤ ਸਿੰਘ ਦਾ ਘਰ ਹੈ। 2017 'ਚ ਉਹ ਆਪਣੇ ਲੜਕੇ ਅਕਾਸ਼ ਲਈ ਲੜਕੀ ਦੀ ਭਾਲ ਕਰ ਰਿਹਾ ਸੀ ਕਿ ਗੁਰਮੀਤ ਸਿੰਘ ਨੇ ਮੈਨੂੰ ਮਿਲ ਕੇ ਕਿਹਾ ਕਿ ਉਸ ਦੀ ਲੜਕੀ ਭਵਨੀਤ ਕੌਰ +2 ਪਾਸ ਹੈ ਜੋ ਆਈਲੈਟਸ ਕਰ ਕੇ ਵਿਦੇਸ਼ ਜਾਣਾ ਚਾਹੁੰਦੀ ਹੈ ਤੇ ਮੇਰੇ ਲੜਕੇ ਨੂੰ ਵੀ ਆਸਟ੍ਰੇਲੀਆ ਲਿਜਾ ਕੇ ਪੀਆਰ ਕਰਵਾ ਦੇਵੇਗੀ।



ਗੁਰਮੀਤ ਸਿੰਘ ਤੇ ਉਸ ਦੀ ਪਤਨੀ ਧਰਮਵੀਰ ਕੌਰ ਨੇ ਮੈਨੂੰ ਵਿਸ਼ਵਾਸ ਦਿਵਾਇਆ ਕਿ ਜੇਕਰ ਉਹ ਉਨ੍ਹਾਂ ਦੀ ਲੜਕੀ ਨੂੰ ਆਈਲੈਟਸ ਕਰਵਾ ਕੇ ਸਾਰਾ ਖ਼ਰਚ ਕਰ ਵਿਦੇਸ਼ ਭੇਜ ਦੇਵੇ ਤਾਂ ਉਹ ਬਾਅਦ 'ਚ ਅਕਾਸ਼ ਨੂੰ ਵੀ ਉੱਥੇ ਬੁਲਾ ਕੇ ਪੀਆਰ ਕਰਵਾ ਦੇਵੇਗੀ। 20-2-2017 ਨੂੰ ਦੋਵੇਂ ਪਰਿਵਾਰਕ ਮੈਂਬਰਾਂ ਵਲੋਂ ਅਕਾਸ਼ ਅਤੇ ਭਵਨੀਤ ਕੌਰ ਦਾ ਵਿਆਹ ਕਰ ਦਿੱਤਾ ਗਿਆ ਜਿਸ ਦਾ ਸਾਰਾ ਖ਼ਰਚ ਵੀ ਲੜਕਾ ਪਰਿਵਾਰ ਨੇ ਅਦਾ ਕੀਤਾ। ਬਿਆਨਕਰਤਾ ਸੋਮ ਨਾਥ ਅਨੁਸਾਰ ਉਨ੍ਹਾਂ ਦੀ ਨੂੰਹ ਭਵਨੀਤ ਕੌਰ ਨੇ ਤਿੰਨ ਵਾਰ ਆਈਲੈਟਸ ਕੀਤੀ ਅਤੇ ਫ਼ਿਰ ਕਾਲਜ ਫ਼ੀਸ, ਟਿਕਟ ਤੇ ਸ਼ੌਪਿੰਗ ਲਈ ਲੱਖਾਂ ਰੁਪਏ ਖ਼ਰਚ ਕੀਤਾ ਜਿਸ ਤੋਂ ਬਾਅਦ ਉਹ ਆਸਟ੍ਰੇਲੀਆ ਚਲੀ ਗਈ। ਵਿਦੇਸ਼ ਜਾਣ ਵਾਲੇ ਦਿਨ ਵੀ ਉਨ੍ਹਾਂ ਦੀ ਨੂੰਹ ਦੇ ਮਾਪਿਆਂ ਵਲੋਂ 15 ਹਜ਼ਾਰ ਡਾਲਰ ਖ਼ਰਚੇ ਲਈ ਮੰਗੇ ਕਿ ਉੱਥੇ ਜਾ ਕੇ ਇਸ ਨੂੰ ਜ਼ਰੂਰਤ ਪੈ ਸਕਦੀ ਹੈ ਜੋ ਉਨ੍ਹਾਂ ਨੇ ਦੇ ਦਿੱਤੇ। ਉਸ ਦੇ ਪੁੱਤਰ ਦੇ ਸਹੁਰਾ ਪਰਿਵਾਰ ਨੇ ਸਾਨੂੰ ਵਿਸ਼ਵਾਸ ਦਿਵਾਇਆ ਕਿ ਜੇਕਰ ਉਨ੍ਹਾਂ ਦੀ ਧੀ ਅਕਾਸ਼ ਨੂੰ ਆਸਟ੍ਰੇਲੀਆ ਜਾ ਕੇ ਪੀਆਰ ਨਾ ਕਰਵਾ ਸਕੀ ਤਾਂ ਉਹ ਸਾਰੇ ਪੈਸੇ ਵਾਪਿਸ ਕਰ ਦੇਣਗੇ। ਬਿਆਨਕਰਤਾ ਅਨੁਸਾਰ ਵਿਦੇਸ਼ ਜਾਣ ਤੋਂ ਬਾਅਦ ਭਵਨੀਤ ਕੌਰ ਨੇ ਆਪਣੇ ਪਤੀ ਨਾਲ ਗੱਲਬਾਤ ਕਰਨੀ ਵੀ ਘੱਟ ਕਰ ਦਿੱਤੀ ਅਤੇ ਆਸਟ੍ਰੇਲੀਆ ਬੁਲਾਉਣ ਲਈ ਟਾਲ-ਮਟੋਲ ਕਰਦੀ ਰਹੀ। ਸਾਲ-2021 'ਚ ਜਦੋਂ ਉਨ੍ਹਾਂ ਦੀ ਨੂੰਹ ਭਵਨੀਤ ਕੌਰ ਦੀ ਪੜ੍ਹਾਈ ਮੁਕੰਮਲ ਹੋ ਗਈ ਤਾਂ ਉਨ੍ਹਾਂ ਆਪਣੇ ਬੇਟੇ ਅਕਾਸ਼ ਨੂੰ ਵਿਦੇਸ਼ ਬੁਲਾਉਣ ਲਈ ਕਿਹਾ ਤਾਂ ਪਹਿਲਾਂ ਇਹ ਟਾਲ-ਮਟੋਲ ਕਰਦੀ ਰਹੀ ਅਤੇ ਫ਼ਿਰ ਉਸ ਨੂੰ ਬੜੀ ਮੁਸ਼ਕਿਲ ਨਾਲ ਵਿਦੇਸ਼ ਬੁਲਾਇਆ। ਜਦੋਂ ਉਨ੍ਹਾਂ ਦਾ ਬੇਟਾ ਵਿਦੇਸ਼ ਪਹੁੰਚ ਗਿਆ ਤਾਂ ਉੱਥੇ ਜਾ ਕੇ ਭਵਨੀਤ ਕੌਰ ਨੇ ਆਪਣੇ ਪਤੀ ਦਾ ਮੋਬਾਇਲ ਬਲੌਕ ਕਰ ਕੇ ਗੱਲਬਾਤ ਕਰਨੀ ਬੰਦ ਕਰ ਦਿੱਤੀ। ਬਿਆਨਕਰਤਾ ਅਨੁਸਾਰ ਉਸ ਵਲੋਂ ਆਪਣੇ ਲੜਕੇ ਨੂੰ ਵਿਦੇਸ਼ ਭੇਜਣ ਲਈ ਵੱਖ-ਵੱਖ ਮਿਤੀਆਂ ਰਾਹੀਂ ਆਪਣੀ ਨੂੰਹ ਅਤੇ ਸਹੁਰਾ ਪਰਿਵਾਰ ਨੂੰ ਤਕਰੀਬਨ 1.07 ਲੱਖ ਡਾਲਰ ਅਤੇ 10 ਲੱਖ ਰੁਪਏ ਨਕਦ ਵੀ ਖਰਚਿਆ ਪਰ ਇਹ ਲੱਖਾਂ ਰੁਪਏ ਦੀ ਰਾਸ਼ੀ ਖ਼ਰਚਣ ਦੇ ਬਾਵਜੂਦ ਉਸ ਦੀ ਨੂੰਹ ਅਤੇ ਬੇਟੇ ਦੇ ਸਹੁਰਾ ਪਰਿਵਾਰ ਨੇ ਮਿਲ ਕੇ ਧੋਖਾਧੜੀ ਕੀਤੀ ਜਿਸ ਕਾਰਨ ਉਸ ਦੇ ਪੁੱਤ ਨੂੰ ਆਸਟ੍ਰੇਲੀਆ ਦੀ ਪੀਆਰ ਨਾ ਮਿਲ ਸਕੀ।

# ਸਿੱਧੂ ਮੂਸੇਵਾਲਾ ਕਤਲ ਕਾਂਡ 'ਚ ਵਰਤੇ ਹਥਿਆਰਾਂ ਬਾਰੇ ਵੱਡਾ ਖੁਲਾਸਾ

ਨਵੀਂ ਦਿੱਲੀ: ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ 'ਚ ਹੁਣ ਇੱਕ ਨਵੀਂ ਜਾਣਕਾਰੀ ਸਾਹਮਣੇ ਆਈ ਹੈ। ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਮੁਤਾਬਿਕ ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਵਰਤੇ ਗਏ ਹਥਿਆਰ ਇੱਕ ਪਾਕਿਸਤਾਨੀ ਨੌਜਵਾਨ ਵਲੋਂ ਸਪਲਾਈ ਕੀਤੇ ਗਏ ਸਨ ਜੋ ਇਸ ਸਮੇਂ ਦੁਬਈ 'ਚ ਰਹਿੰਦਾ ਹੈ।



ਨੌਜਵਾਨ ਦੀ ਪਛਾਣ ਹਾਮਿਦ ਵਜੋਂ ਹੋਈ ਹੈ। ਅਧਿਕਾਰੀਆਂ ਨੇ ਨਾਮ ਨਾ ਛਾਪਣ ਦੀ ਸ਼ਰਤ ਉਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕਤਲ ਕਾਂਡ 'ਚ ਪਹਿਲੀ ਵਾਰ ਪਾਕਿਸਤਾਨੀ ਨਾਗਰਿਕ ਦੀ ਸਿੱਧੀ ਭੂਮਿਕਾ ਸਾਹਮਣੇ ਆਈ ਹੈ। ਹਿੰਦੁਸਤਾਨ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਕਿ ਹਾਮਿਦ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਦੁਬਈ 'ਚ ਲੌਰੈਂਸ ਬਿਸ਼ਨੋਈ ਗੈਂਗ ਦੇ ਬੁਲੰਦਸ਼ਹਿਰ ਸਥਿਤ ਨਿਯਮਿਤ ਹਥਿਆਰ ਸਪਲਾਇਰ ਸ਼ਾਹਬਾਜ਼ ਅੰਸਾਰੀ ਨੂੰ ਵੀ ਮਿਲਿਆ ਸੀ।

ਇਸ ਦੌਰਾਨ ਹਾਮਿਦ ਨੇ ਉਸ ਨੂੰ ਕੈਨੇਡਾ 'ਚ ਬਿਸ਼ਨੋਈ ਦੇ ਕਰੀਬੀ ਸਾਥੀ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਨਾਲ ਆਪਣੇ ਕਰੀਬੀ ਸਬੰਧਾਂ ਬਾਰੇ ਦੱਸਿਆ। ਜ਼ਿਕਰਯੋਗ ਹੈ ਕਿ ਪਿਛਲੇ ਸਾਲ 29 ਮਈ ਨੂੰ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ 'ਚ ਸਿੱਧੂ ਮੂਸੇਵਾਲਾ ਨੂੰ ਛੇ ਬਦਮਾਸ਼ਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਗੋਲਡੀ ਬਰਾੜ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਲਈ ਸੀ। ਏਨੲ ਵਲੋਂ ਅਦਾਲਤ 'ਚ ਪੇਸ਼ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਜਾਂਚ ਦੌਰਾਨ ਪਤਾ ਲੱਗਿਆ ਹੈ ਕਿ ਸ਼ਾਹਬਾਜ਼ ਅੰਸਾਰੀ ਕਈ ਵਾਰ ਦੁਬਈ ਗਿਆ ਸੀ ਅਤੇ ਇਸ ਦੌਰਾਨ ਉਹ ਦੁਬਈ 'ਚ ਹਵਾਲਾ ਆਪਰੇਟਰ ਵਜੋਂ ਕੰਮ ਕਰਨ ਵਾਲੇ ਪਾਕਿਸਤਾਨੀ ਨਾਗਰਿਕ ਫ਼ੈਜ਼ੀ ਖ਼ਾਨ ਦੇ ਸੰਪਰਕ 'ਚ ਆਇਆ ਸੀ। ਇਹ ਫ਼ੈਜ਼ੀ ਖ਼ਾਨ ਹੀ ਸੀ ਜਿਸ ਨੇ ਅੰਸਾਰੀ ਨੂੰ ਹਾਮਿਦ ਨਾਲ ਮਿਲਾਇਆ ਸੀ। ਅਜਿਹੀ ਹੀ ਇੱਕ ਮੀਟਿੰਗ ਦੌਰਾਨ, ਅੰਸਾਰੀ ਅਤੇ ਹਾਮਿਦ ਨੇ ਹਥਿਆਰਾਂ ਦੀ ਤਸਕਰੀ ਅਤੇ ਕਾਰੋਬਾਰ ਅਤੇ ਭਾਰਤ 'ਚ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਖੇਪ ਦੀ ਸਪਲਾਈ ਬਾਰੇ ਚਰਚਾ ਕੀਤੀ।

ਹਿੰਦੁਸਤਾਨ ਟਾਈਮਜ਼ ਨੇ ਦਸਤਾਵੇਜ਼ਾਂ ਦੇ ਹਵਾਲੇ ਨਾਲ ਕਿਹਾ ਕਿ ਇਸ ਮੁਲਾਕਾਤ ਦੌਰਾਨ ਹਾਮਿਦ ਨੇ ਅੰਸਾਰੀ ਨੂੰ ਇਹ ਵੀ ਕਿਹਾ ਸੀ, "ਅਸੀਂ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦੇ ਕਤਲ ਲਈ ਗੈਂਗਸਟਰ ਲੌਰੈਂਸ ਬਿਸ਼ਨੋਈ ਨੂੰ ਅਸਾਲਟ ਰਾਈਫ਼ਲਾਂ ਅਤੇ ਹੋਰ ਹਥਿਆਰ ਸਪਲਾਈ ਕਰਨ ਜਾ ਰਹੇ ਹਾਂ।" ਹਾਮਿਦ ਨੇ ਦੱਸਿਆ ਕਿ ਉਹ ਗੋਲਡੀ ਬਰਾੜ ਦੇ ਸੰਪਰਕ 'ਚ ਹੈ ਅਤੇ ਉਸ ਨੂੰ ਕਈ ਵਾਰ ਹਥਿਆਰ ਮੁਹੱਈਆ ਕਰਵਾਏ ਹਨ।

# ਦਿੱਲੀ 'ਚ ਅੱਖਾਂ ਅਤੇ ਚਮੜੀ ਦੇ ਰੋਗ ਫ਼ੈਲੇ, ਯਮੁਨਾ ਦਾ ਪਾਣੀ ਵਧਿਆ



ਨਵੀਂ ਦਿੱਲੀ: ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ ਕਿ ਸ਼ਹਿਰ ਦੇ ਸਾਰੇ ਸਰਕਾਰੀ ਵਿਭਾਗਾਂ ਨੂੰ ਹੜ੍ਹ ਤੋਂ ਬਾਅਦ ਦੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ। ਇੱਥੇ ਦਿੱਲੀ ਦੇ ਸਰਕਾਰੀ ਹਸਪਤਾਲ ਦੇ ਨਿਰੀਖਣ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਦੇ ਵੱਖ-ਵੱਖ ਹਿੱਸਿਆਂ 'ਚ ਸਥਾਪਤ ਹੜ੍ਹ ਰਾਹਤ ਕੈਂਪਾਂ 'ਚੋਂ ਵੱਡੀ ਗਿਣਤੀ 'ਚ ਅੱਖਾਂ ਅਤੇ ਚਮੜੀ ਦੀ ਐਲਰਜੀ ਦੇ ਕੇਸ ਆ ਰਹੇ ਹਨ। ਉਨ੍ਹਾਂ ਕਿਹਾ ਕਿ ਪੂਰਬੀ ਦਿੱਲੀ ਅਤੇ ਉੱਤਰ-ਪੂਰਬੀ ਦਿੱਲੀ ਹੜ੍ਹਾਂ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।

ਹੜ੍ਹਾਂ ਤੋਂ ਬਾਅਦ ਡੇਂਗੂ, ਚਿਕਨਗੁਨੀਆ ਅਤੇ ਮਲੇਰੀਆ ਵਰਗੀਆਂ ਮੱਛਰਾਂ ਨਾਲ ਫ਼ੈਲਣ ਵਾਲੀਆਂ ਬੀਮਾਰੀਆਂ ਦੇ ਮਾਮਲੇ ਵਧਣ ਦੀ ਸੰਭਾਵਨਾ ਹੈ, ਪਰ ਫ਼ਿਲਹਾਲ ਇਹ ਰੁਝਾਨ ਦੇਖਣ ਨੂੰ ਨਹੀਂ ਮਿਲ ਰਿਹਾ। ਰਾਹਤ ਕੈਂਪਾਂ ਤੋਂ ਅੱਖਾਂ ਅਤੇ ਚਮੜੀ ਦੀ ਐਲਰਜੀ ਦੇ ਜ਼ਿਆਦਾ ਮਾਮਲੇ ਸਾਹਮਣੇ ਆ ਰਹੇ ਹਨ। ਦਿੱਲੀ 'ਚ ਯਮੁਨਾ ਨਦੀ ਦੇ ਪਾਣੀ ਦੇ ਪੱਧਰ 'ਚ ਫ਼ਿਰ ਤੋਂ ਮਾਮੂਲੀ ਵਾਧੇ ਬਾਰੇ ਭਾਰਦਵਾਜ ਨੇ ਕਿਹਾ ਕਿ ਪਿਛਲੇ ਦੋ ਦਿਨਾਂ 'ਚ ਉੱਤਰ ਭਾਰਤ ਦੇ ਕੁੱਝ ਹਿੱਸਿਆਂ 'ਚ ਬਾਰਸ਼ ਹੋਈ ਹੈ ਅਤੇ ਹੁਣ ਨਾਲਿਆਂ ਦਾ ਪਾਣੀ ਵੀ ਨਦੀਆਂ 'ਚ ਜਾ ਰਿਹਾ ਹੈ, ਇਸ ਲਈ ਇਸ ਦੇ ਪਾਣੀ ਦਾ ਪੱਧਰ ਵੱਧ ਗਿਆ ਹੈ।

# ਜਾਖੜ ਦੀ ਟੀਮ 'ਚ ਹੋਣਗੇ ਕੁੱਝ ਇੰਪੋਰਟਿਡ ਕਾਂਗਰਸੀ ਅਤੇ ਟਕਸਾਲੀ ਭਾਜਪਾਈ, ਸੰਗਠਨ ਤੈਅ ਕਰੇਗਾ ਨਾਂ

ਜਲੰਧਰ: ਪੰਜਾਬ 'ਚ ਭਾਰਤੀ ਜਨਤਾ ਪਾਰਟੀ ਨੇ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਸੁਨੀਲ ਜਾਖੜ ਨੂੰ ਤਾਇਨਾਤ ਕੀਤਾ ਹੈ ਜਿਸ ਤੋਂ ਬਾਅਦ ਜਾਖੜ ਲਗਾਤਾਰ ਇੱਕ ਤੋਂ ਬਾਅਦ ਇੱਕ ਪੰਜਾਬ ਸਰਕਾਰ 'ਤੇ ਨਿਸ਼ਾਨੇ ਲਗਾ ਰਹੇ ਹਨ। ਹੁਣ ਤਕ ਭਾਜਪਾ 'ਚ ਸੂਬਾ ਸਰਕਾਰ 'ਤੇ ਉਸ ਤਰ੍ਹਾਂ ਹਾਵੀ ਹੋਣ ਦੀ ਕੋਸ਼ਿਸ਼ ਕਦੇ ਨਹੀਂ ਕੀਤੀ ਗਈ ਜਿਸ ਤਰ੍ਹਾਂ ਜਾਖੜ ਇਨ੍ਹੀਂ ਦਿਨੀਂ ਕਰ ਰਹੇ ਹਨ। ਪਾਰਟੀ ਦੇ ਸੂਬਾ ਪ੍ਰਧਾਨ ਹੋਣ ਦੇ ਨਾਤੇ ਜਾਖੜ ਸੂਬੇ 'ਚ ਹੜ੍ਹ ਦੀ ਸਥਿਤੀ ਵੇਲੇ ਆਪਣੀ ਹਾਜ਼ਰੀ ਦਰਜ ਕਰਵਾਉਣ 'ਚ ਕੋਈ ਕਮੀ ਵੀ ਨਹੀਂ ਛੱਡ ਰਹੇ। ਇਸ ਸਭ ਦੇ ਵਿਚਾਲੇ ਸੂਬਾ ਭਾਜਪਾ ਦੇ ਬਾਕੀ ਨੇਤਾ ਇਸ ਵੇਲੇ ਪੂਰੀ ਤਰ੍ਹਾਂ ਚੁੱਪ ਬੈਠੇ ਹਨ ਜਿਸ ਦੇ ਕਈ ਕਾਰਨ ਸਾਹਮਣੇ ਆ ਰਹੇ ਹਨ।

ਪੰਜਾਬ ਭਾਜਪਾ 'ਚ ਟਕਸਾਲੀ ਨੇਤਾਵਾਂ ਦੀ ਘਾਟ ਨਹੀਂ ਹੈ ਪਰ ਜਦੋਂ ਤੋਂ ਜਾਖੜ ਪ੍ਰਧਾਨ ਬਣੇ ਹਨ, ਪਾਰਟੀ ਦੇ ਕਈ ਨੇਤਾਵਾਂ ਨੂੰ ਤਾਂ ਜਿਵੇਂ ਸੱਪ ਹੀ ਸੁੰਘ ਗਿਆ ਹੈ। ਸੂਬੇ 'ਚ ਹੜ੍ਹ ਦੀ ਸਥਿਤੀ ਦੌਰਾਨ ਇਨ੍ਹਾਂ ਨੇਤਾਵਾਂ ਕੋਲ ਇੱਕ ਚੰਗਾ ਮੌਕਾ ਸੀ ਕਿ ਉਹ ਸੂਬਾ ਸਰਕਾਰ 'ਤੇ ਸਵਾਲ ਉਠਾ ਸਕਦੇ, ਪਰ ਉਨ੍ਹਾਂ ਅਜਿਹਾ ਕੋਈ ਕੰਮ ਕੀਤਾ ਹੀ ਨਹੀਂ ਜਿਸ ਨਾਲ ਉਹ ਮੀਡੀਆ 'ਚ ਸਾਹਮਣੇ ਆਉਂਦੇ। ਚਰਚਾ ਇਸ ਗੱਲ ਦੀ ਵੀ ਹੈ ਕਿ ਜਾਖੜ ਦੇ ਪ੍ਰਧਾਨ ਬਣਨ ਤੋਂ ਬਾਅਦ ਹੁਣ ਟੀਮ ਦੇ ਗਠਨ ਸਬੰਧੀ ਤਿਆਰੀ ਚੱਲ ਰਹੀ ਹੈ। ਪਾਰਟੀ ਦੇ ਕਈ ਨੇਤਾ ਇਸ ਟੀਮ 'ਚ ਸੈੱਟ ਹੋਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਕਿਸ ਦੀ ਕਿੰਨੀ ਚੱਲਦੀ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।



ਉਂਝ ਸੂਤਰਾਂ ਦੇ ਹਵਾਲੇ ਨਾਲ ਖ਼ਬਰ ਮਿਲੀ ਹੈ ਕਿ ਜਾਖੜ ਦੇ ਪ੍ਰਧਾਨ ਬਣਨ ਤੋਂ ਬਾਅਦ ਟੀਮ 'ਚ ਕਿਸ ਨੂੰ ਰੱਖਿਆ ਜਾਵੇਗਾ, ਇਸ ਗੱਲ 'ਤੇ ਵੀ ਕਾਫ਼ੀ ਖਿੱਚੋਤਾਣ ਚੱਲ ਰਹੀ ਹੈ। ਪੁਰਾਣੇ ਟਕਸਾਲੀ ਭਾਜਪਾਈ ਟੀਮ 'ਚ ਜਗ੍ਹਾ ਬਣਾਉਣ ਲਈ ਪਾਰਟੀ ਦੇ ਸੀਨੀਅਰ ਨੇਤਾਵਾਂ ਜਾਂ ਸੰਗਠਨ ਦੇ ਅਹੁਦੇਦਾਰਾਂ ਦੇ ਘਰਾਂ ਦੇ ਚੱਕਰ ਲਗਾ ਰਹੇ ਹਨ।

ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਭਾਜਪਾ ਦੀ ਟੀਮ ਬਣਾਉਣ ਲਈ ਜਾਖੜ ਨੇ ਕਾਫ਼ੀ ਕੁੱਝ ਸੰਗਠਨ ਦੇ ਉੱਪਰ ਛੱਡ ਦਿੱਤਾ ਹੈ। ਸੰਭਵ ਤੌਰ 'ਤੇ ਕਾਂਗਰਸ ਤੋਂ ਇੰਪੋਰਟ ਹੋਏ ਕੁੱਝ ਨੇਤਾਵਾਂ ਨੂੰ ਸੂਬਾ ਇੱਕਾਈ 'ਚ ਜਗ੍ਹਾ ਦੇਣ ਦੀ ਯੋਜਨਾ ਵੀ ਹੈ ਪਰ ਟੀਮ ਦੇ ਜ਼ਿਆਦਾਤਰ ਅਹੁਦੇਦਾਰ ਸੰਗਠਨ ਅਤੇ ਭਾਜਪਾ ਦੇ ਸੀਨੀਅਰ ਨੇਤਾਵਾਂ ਦੀ ਸਲਾਹ ਦੇ ਨਾਲ ਹੀ ਬਣਾਏ ਜਾਣ ਦੀ ਯੋਜਨਾ ਹੈ।

ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਨਾਲ ਮਿਲ ਕੇ ਚੋਣ ਲੜਨ ਦੀ ਚਰਚਾ 'ਤੇ ਕੁੱਝ ਹੱਦ ਤਕ ਰੋਕ ਲੱਗ ਚੁੱਕੀ ਹੈ ਅਤੇ ਦੋਵੇਂ ਪਾਰਟੀਆਂ ਮਿਲ ਕੇ ਚੱਲਣ ਦੀ ਯੋਜਨਾ ਤੋਂ ਇਨਕਾਰ ਕਰ ਚੁੱਕੀਆਂ ਹਨ ਪਰ ਸੂਤਰ ਦੱਸਦੇ ਹਨ ਕਿ ਦੋਵਾਂ ਪਾਰਟੀਆਂ ਅੰਦਰ ਅਜੇ ਵੀ ਇਸ ਚਰਚਾ ਦੀ ਚੰਗਿਆੜੀ ਸੁਲਗ ਰਹੀ ਹੈ। ਜਾਣਕਾਰ ਦੱਸਦੇ ਹਨ ਕਿ ਅਜੇ ਵੀ ਕੁੱਝ ਲੋਕ ਚਾਹੁੰਦੇ ਹਨ ਕਿ ਭਾਜਪਾ ਤੇ ਅਕਾਲੀ ਦਲ ਇਕੱਠੇ ਹੋ ਜਾਣ। ਇਸ ਦੇ ਲਈ ਬਾਕਾਇਦਾ ਸੀਟ ਸ਼ੇਅਰਿੰਗ ਸਬੰਧੀ ਵੀ ਚਰਚਾ ਚੱਲ ਰਹੀ ਹੈ। ਲੋਕ ਸਭਾ ਚੋਣਾਂ 'ਚ ਭਾਜਪਾ ਅਕਾਲੀ ਦਲ ਤੋਂ 13 ਵਿੱਚੋਂ 7 ਸੀਟਾਂ ਮੰਗ ਰਹੀ ਹੈ, ਜਦੋਂਕਿ ਇਸ ਤੋਂ ਪਹਿਲਾਂ ਭਾਜਪਾ 3 ਸੀਟਾਂ 'ਤੇ ਚੋਣ ਲੜਦੀ ਸੀ। ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਡਿਮਾਂਡ 55 ਸੀਟਾਂ ਦੀ ਹੈ। ਇਸ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ 'ਚ ਭਾਜਪਾ 23 ਸੀਟਾਂ 'ਤੇ ਚੋਣ ਲੜਦੀ ਰਹੀ ਹੈ, ਜਦੋਂਕਿ ਬਾਕੀ ਸੀਟਾਂ 'ਤੇ ਅਕਾਲੀ ਦਲ।

# ਡੌਂਕੀ ਲਗਾ ਕੇ ਅਮਰੀਕਾ ਜਾਣ ਦਾ ਗੁਜਰਾਤੀਆਂ ’ਤੇ ਹੈ ਭੂਤ ਸਵਾਰ, ਹੁਣ ਕੈਰੇਬੀਆਈ ਦੇਸ਼ ’ਚ ਨੌ ਲੋਕਾਂ ਦਾ ਗਰੁੱਪ ਲਾਪਤਾ

ਜਲੰਧਰ: ਗੁਜਰਾਤੀਆਂ ’ਤੇ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਪਹੁੰਚਣ ਦਾ ਭੂਤ ਇਸ ਕਦਰ ਸਵਾਰ ਹੈ ਕਿ ਇਸ ਖੇਡ ’ਚ ਉਹ ਕਈ ਵਾਰ ਆਪਣੀ ਜਾਨ ਤਕ ਦਾਅ ’ਤੇ ਲਗਾ ਦਿੰਦੇ ਹਨ। ਗੁਜਰਾਤ ’ਚ ਪਹਿਲਾਂ ਤਾਂ ਫ਼ਰਜ਼ੀ ਏਜੰਟਾਂ ਨੂੰ ਪੈਸਾ ਦੇ ਕੇ ਲੋਕ ਅਮਰੀਕਾ ਜਾਣ ਨੂੰ ਤਿਆਰ ਹੋ ਜਾਂਦੇ ਹਨ, ਪਰ ਬਾਅਦ ’ਚ ਜਦੋਂ ਉਨ੍ਹਾਂ ਦੇ ਪਰਿਵਾਰ ਵਾਲਿਆਂ ਨਾਲ ਉਨ੍ਹਾਂ ਦਾ ਸੰਪਰਕ ਟੁੱਟ ਜਾਂਦਾ ਹੈ ਤਾਂ ਇਹੀ ਪਰਿਵਾਰ ਸ਼ਿਕਾਇਤ ਲੈ ਕੇ ਪੁਲੀਸ ਦੇ ਕੋਲ ਪਹੁੰਚਦੇ ਹਨ। ਹੁਣ ਅਜਿਹਾ ਹੀ ਇੱਕ ਹੋਰ ਮਾਮਲਾ ਗੁਜਰਾਤ ਪੁਲੀਸ ਦੇ ਕੋਲ ਪਹੁੰਚਿਆ ਹੈ।



ਇੱਕ ਮੀਡੀਆ ਰਿਪੋਰਟ ਦੇ ਮੁਤਾਬਿਕ ਲਗਭਗ ਛੇ ਮਹੀਨੇ ਪਹਿਲਾਂ ਕੈਰੇਬੀਆਈ ਦੇਸ਼ ਦੇ ਰਸਤੇ ਸੰਯੁਕਤ ਰਾਜ ਅਮਰੀਕਾ ਦੀ ਯਾਤਰਾ ’ਤੇ ਨਿਕਲੇ ਭਰਤ ਰਬਾਰੀ ਨਾਂ ਦੇ ਸ਼ਖ਼ਸ ਦੀ ਪਤਨੀ ਚੇਤਨਾ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ’ਚ ਦਾਅਵਾ ਕਰਦੇ ਹੋਏ ਕਿਹਾ ਹੈ ਕਿ ਉਸ ਦੇ ਪਤੀ ਸਮੇਤ ਨੌਂ ਲੋਕ ਜਨਵਰੀ ਦੇ ਪਹਿਲੇ ਹਫ਼ਤੇ ’ਚ ਅਮਰੀਕਾ ਲਈ ਰਵਾਨਾ ਹੋਏ ਸਨ। ਉਨ੍ਹਾਂ ’ਚੋਂ ਚਾਰ ਮਹਿਸਾਣਾ ਜ਼ਿਲ੍ਹੇ ਤੋਂ, ਤਿਮਂ ਗਾਂਧੀਨਗਰ ਤੋਂ ਅਤੇ ਇੱਕ-ਇੱਕ ਸਾਬਰਕਾਂਠਾ ਅਤੇ ਖੇੜਾ ਜ਼ਿਲ੍ਹੇ ਤੋਂ ਹਨ। ਉਸ ਨੇ ਕਿਹਾ ਕਿ 4 ਫ਼ਰਵਰੀ ਤੋਂ ਬਾਅਦ ਤੋਂ ਇਸ ਪੂਰੇ ਗਰੁੱਪ ਨਾਲ ਸੰਪਰਕ ਨਹੀਂ ਹੋ ਸਕਿਆ। ਚੇਤਨਾ ਨੇ ਦੋ ਏਜੰਟਾਂ ਮਹੇਂਦਰ ਪਟੇਲ ਅਤੇ ਉਨ੍ਹਾਂ ਦੇ ਸਹਿਯੋਗੀ ਜਾਨੀ ਪਟੇਲ ਉਰਫ਼ ਦਿਵਯੇਸ਼ ’ਤੇ ਦੋਸ਼ ਲਗਾਇਆ ਕਿ ਉਹ ਵੱਖ-ਵੱਖ ਨਾਜਾਇਜ਼ ਰਸਤਿਆਂ ਰਾਹੀਂ ਲੋਕਾਂ ਨੂੰ ਅਮਰੀਕਾ ਭੇਜਦੇ ਹਨ। ਮਹਿਲਾ ਦਾ ਦਾਅਵਾ ਹੈ ਕਿ ਉਸ ਦਾ ਪਤੀ ਉਨ੍ਹਾਂ ਦੇ ਬਹਿਕਾਵੇ ’ਚ ਆ ਕੇ ਹੀ ਅਮਰੀਕਾ ਜਾਣ ਨੂੰ ਤਿਆਰ ਹੋਇਆ ਸੀ।


### 70 ਲੱਖ ਰੁਪਏ ’ਚ ਅਮਰੀਕਾ ਭੇਜਣ ਦਾ ਸੌਦਾ

ਸਾਬਰਕਾਂਠਾ ਜ਼ਿਲ੍ਹੇ ਦੀ ਪੁਲੀਸ ਨੇ ਆਈਪੀਸੀ ਦੀ ਧਾਰਾ 420 (ਧੋਖਾਧੜੀ) ਅਤੇ 405 (ਅਪਰਾਧਿਕ ਵਿਸ਼ਵਾਸਘਾਤ) ਦੇ ਤਹਿਤ ਇੱਕ ਸ਼ਿਕਾਇਤ ਦਰਜ ਕੀਤੀ ਹੈ ਅਤੇ ਜਾਨੀ ਪਟੇਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਹੁਣ ਉਨ੍ਹਾਂ ਦਾ ਮੰਨਣਾ ਹੈ ਕਿ ਸਾਰੇ ਨੌਂ ਯਾਤਰੀ ਮਰ ਚੁੱਕੇ ਹੋਣਗੇ ਕਿਉਂਕਿ ਉਨ੍ਹਾਂ ਨੂੰ ਉਨ੍ਹਾਂ ਦੀ ਗ੍ਰਿਫ਼ਤਾਰੀ ਬਾਰੇ ਅਮਰੀਕੀ ਅਧਿਕਾਰੀਆਂ ਤੋਂ ਕੋਈ ਸੂਚਨਾ ਨਹੀਂ ਮਿਲੀ ਹਾਲਾਂਕਿ ਰਬਾਰੀ ਦੀ ਪਤਨੀ ਚੇਤਨਾ ਨੂੰ ਛੱਡ ਕੇ ਹੋਰ ਯਾਤਰੀਆਂ ਦੇ ਪਰਿਵਾਰਾਂ ਦਾ ਕੋਈ ਹੋਰ ਮੈਂਬਰ ਸ਼ਿਕਾਇਤ ਲੈ ਕੇ ਅੱਗੇ ਨਹੀਂ ਆਇਆ। ਜਾਣਕਾਰੀ ਮੁਤਾਬਿਕ, ਜਾਨੀ ਪਟੇਲ ਨੇ ਕਿਸਾਨ ਭਰਤ ਰਬਾਰੀ ਨਾਲ ਵਾਅਦਾ ਕੀਤਾ ਸੀ ਕਿ ਉਹ ਉਸ ਨੂੰ ਵਰਕ ਪਰਮਿਟ ’ਤੇ ਅਮਰੀਕਾ ਭੇਜ ਸਕਦਾ ਹੈ। ਇਹ ਸੌਦਾ 70 ਲੱਖ ਰੁਪਏ ’ਚ ਤੈਅ ਹੋਇਆ ਸੀ ਅਤੇ ਭਰਤ ਰਬਾਰੀ ਨੇ 20 ਲੱਖ ਰੁਪਏ ਦੀ ਅਦਾਇਗੀ ਕਰ ਦਿੱਤੀ ਸੀ। ਬਾਕੀ ਰਾਸ਼ੀ ਦਾ ਭੁਗਤਾਨ ਅਮਰੀਕਾ ਪਹੁੰਚਣ ਤੋਂ ਬਾਅਦ ਕੀਤਾ ਜਾਣਾ ਸੀ।

ਸਾਬਰਕਾਂਠਾ ਦੇ ਪੁਲੀਸ ਸੁਪਰਡੈਂਟ ਵਿਸ਼ਾਲ ਕੁਮਾਰ ਵਾਘੇਲਾ ਨੇ ਮਾਮਲਾ ਦਰਜ ਕਰਨ ਤੋਂ ਬਾਅਦ ਕਿਹਾ ਕਿ ਰਬਾਰੀ ਜਨਵਰੀ ’ਚ ਨੈਦਰਲੈਂਡਜ਼ ਪਹੁੰਚਿਆ ਅਤੇ ਫ਼ਿਰ ਫ਼ਰਵਰੀ ’ਚ ਕੈਰੇਬੀਅਨ ਮੁਲਕ ਟ੍ਰੀਨੀਡੈਡ ’ਚ ਪੋਰਟ ਔਫ਼ ਸਪੇਨ ਦੇ ਰਸਤੇ ਡੋਮਿਨਿਕਾ ਪਹੁੰਚਿਆ। ਚੇਤਨਾ ਨੇ ਕਿਹਾ ਕਿ ਉਸ ਦਾ ਆਪਣੇ ਪਤੀ ਨਾਲ ਆਖਰੀ ਸੰਪਰਕ ਓਦੋਂ ਹੋਇਆ ਸੀ ਜਦੋਂ ਉਹ ਸੇਂਟ ਮਾਰਟੀਨਿਕ ’ਚ ਸੀ। ਪੁਲੀਸ ਸੁਪਰਇਨਟੈਨਡੈਂਟ ਨੇ ਕਿਹਾ ਕਿ ਪੁਲੀਸ ਨੇ ਪਾਇਆ ਕਿ ਜਾਨੀ ਪਟੇਲ ਅਹਿਮਦਾਬਾਦ ਸਥਿਤ ਮਹੇਂਦਰ ਪਟੇਲ ਦੇ ਅਧੀਨ ਕੰਮ ਕਰਦਾ ਸੀ ਜਿਸ ਦਾ ਗੁਜਰਾਤ ਭਰ ਦੇ ਜ਼ਿਲ੍ਹਿਆਂ ’ਚ ਏਜੰਟਾਂ ਦਾ ਨੈੱਟਵਰਕ ਸੀ। ਪੁਲੀਸ ਉਸ ਦੀ ਭਾਲ ਕਰ ਰਹੀ ਹੈ।

ਮਹੇਂਦਰ ਪਟੇਲ ਜਗਦੀਸ਼ ਪਟੇਲ ਦਾ ਵੱਡਾ ਭਰਾ ਹੈ ਜੋ ਪਿਛਲੇ ਸਾਲ ਜਨਵਰੀ ’ਚ ਕੈਨੇਡਾ ਤੋਂ ਅਮਰੀਕਾ ’ਚ ਨਾਜਾਇਜ਼ ਤੌਰ ’ਤੇ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਬਰਫ਼ੀਲੇ ਤੂਫ਼ਾਨ ’ਚ ਫ਼ਸਣ ਤੋਂ ਬਾਅਦ ਆਪਣੀ ਪਤਨੀ ਅਤੇ ਦੋ ਬੱਚਿਆਂ ਦੇ ਨਾਲ ਮ੍ਰਿਤ ਪਾਇਆ ਗਿਆ ਸੀ। ਅਪ੍ਰੈਲ ’ਚ ਅਜਿਹੀ ਹੀ ਇੱਕ ਹੋਰ ਦੁਖਦ ਘਟਨਾ ’ਚ ਗੁਜਰਾਤ ਦੇ ਚਾਰ ਲੋਕਾਂ ਦਾ ਇੱਕ ਪਰਿਵਾਰ ਇੱਕ ਜੋੜਾ ਅਤੇ ਦੋ ਬਾਲਗ ਬੱਚੇ ਉਨ੍ਹਾਂ ਅੱਠ ਲੋਕਾਂ ’ਚ ਸ਼ਾਮਿਲ ਸਨ ਜੋ ਕਿਬੈਕ-ਨਿਊ ਯੌਰਕ ਸਰਹੱਦ ’ਤੇ ਸੇਂਟ ਲੌਰੈਂਸ ਨਦੀ ’ਚ ਡੁੱਬ ਗਏ ਸਨ। ਤ੍ਰਾਸਦੀ ਤੋਂ ਬਾਅਦ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਦਾਅਵਾ ਕੀਤਾ ਕਿ ਇੱਕ ਸਥਾਨਕ ਏਜੰਟ ਨੇ ਪਰਿਵਾਰ ਨੂੰ ਕੈਨੇਡਾ ਲਈ ਟੂਰਿਸਟ ਵੀਜ਼ਾ ਤਿਆਰ ਕਰਨ ’ਚ ਮਦਦ ਕੀਤੀ ਸੀ ਜਿਸ ਤੋਂ ਬਾਅਦ ਉਨ੍ਹਾਂ ਨੇ ਅਮਰੀਕਾ ’ਚ ਦਾਖਲ ਹੋਣ ਦਾ ਕਥਿਤ ਨਾਜਾਇਜ਼ ਯਤਨ ਕੀਤਾ ਸੀ। ਪਿਛਲੇ ਦਸੰਬਰ ’ਚ ਅਮਰੀਕਾ ’ਚ ਦਾਖਲ ਹੋਣ ਦੇ ਇਸੇ ਤਰ੍ਹਾਂ ਦੇ ਨਾਜਾਇਜ਼ ਯਤਨ ’ਚ ਗਾਂਧੀਨਗਰ ਦੇ ਇੱਕ ਵਿਅਕਤੀ ਦੀ ਅਮਰੀਕਾ-ਮੈਕਸੀਕੋ ਸਰਹੱਦ ’ਤੇ ਟਰੰਪ ਵਾਲ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦੇ ਸਮੇਂ ਮੌਤ ਹੋ ਗਈ ਸੀ।



# ਮੁੱਖ ਮੰਤਰੀ ਭਗਵੰਤ ਮਾਨ ਨੇ ਸੁਖਬੀਰ ਬਾਦਲ 'ਤੇ ਵਿੰਨ੍ਹੇ ਤਿੱਖੇ ਨਿਸ਼ਾਨੇ





ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਦੇ ਹੈਲਪਲਾਈਨ ਨੰਬਰ ਜਾਰੀ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਬਕਾ ਉਪ ਮੁੱਖ ਮੰਤਰੀ ਨੂੰ ਇਹ ਦੱਸਣ ਦੀ ਚੁਣੌਤੀ ਦਿੱਤੀ ਕਿ ਉਨ੍ਹਾਂ ਨੇ ਕਿਸ ਹੈਸੀਅਤ 'ਚ ਇਹ ਨੰਬਰ ਜਾਰੀ ਕੀਤੇ ਹਨ। ਇੱਥੇ ਜਾਰੀ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਸ਼ਰਮਨਾਕ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਸ਼੍ਰੋਮਣੀ ਕਮੇਟੀ ਦੇ ਅਧਿਕਾਰਤ ਨੁਮਾਇੰਦਿਆਂ ਦੀ ਬਜਾਏ ਇਨ੍ਹਾਂ ਨੰਬਰਾਂ ਦਾ ਵੇਰਵਾ ਜਨਤਕ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਹ ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵਲੋਂ ਹਾਲੇ ਤਕ ਨੰਬਰ ਜਨਤਕ ਨਹੀਂ ਕੀਤੇ ਗਏ ਪਰ ਸੁਖਬੀਰ ਬਾਦਲ ਆਪਣੇ ਚੈਨਲ 'ਤੇ ਇਹ ਨੰਬਰ ਜਾਰੀ ਕਰ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਸੁਖਬੀਰ ਬਾਦਲ ਕਿਸ ਹੈਸੀਅਤ ਨਾਲ ਇਹ ਨੰਬਰ ਜਾਰੀ ਕਰ ਕੇ ਲੋਕਾਂ ਤੋਂ ਮਦਦ ਮੰਗ ਰਹੇ ਹਨ, ਜਦਕਿ ਅਜੇ ਤਕ ਇਹ ਨੰਬਰ ਜਨਤਕ ਤੌਰ 'ਤੇ ਨਸ਼ਰ ਵੀ ਨਹੀਂ ਹੋਏ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਨਾਲ ਉਨ੍ਹਾਂ ਦਾ ਇਹ ਸਟੈਂਡ ਸਹੀ ਸਾਬਤ ਹੋਇਆ ਹੈ ਕਿ ਇੱਕ ਪਰਿਵਾਰ ਆਪਣੇ ਨਿੱਜੀ ਸਵਾਰਥਾਂ ਲਈ ਸ਼੍ਰੋਮਣੀ ਕਮੇਟੀ ਨੂੰ ਕੰਟਰੋਲ ਕਰ ਰਿਹਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਤੋਂ ਵੱਧ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਅਣਗਿਣਤ ਕੁਰਬਾਨੀਆਂ ਤੋਂ ਬਾਅਦ ਹੋਂਦ 'ਚ ਆਈ ਸੰਸਥਾ ਅੱਜ ਇਨ੍ਹਾਂ ਆਗੂਆਂ ਦੇ ਹੱਥਾਂ ਦੀ ਕਠਪੁਤਲੀ ਬਣੀ ਹੋਈ ਹੈ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਹਮੇਸ਼ਾ ਹੀ ਆਪਣੇ ਸਵਾਰਥੀ ਸਿਆਸੀ ਹਿੱਤਾਂ ਲਈ ਸ਼੍ਰੋਮਣੀ ਕਮੇਟੀ ਦੀ ਦੁਰਵਰਤੋਂ ਕੀਤੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਆਗੂ ਹੁਣ ਸੂਬੇ ਦੇ ਲੋਕਾਂ ਨੂੰ ਮੂਰਖ ਨਹੀਂ ਬਣਾ ਸਕਦੇ ਅਤੇ ਉਹ ਇਨ੍ਹਾਂ ਆਗੂਆਂ ਦੇ ਸ਼ੱਕੀ ਕਿਰਦਾਰ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੇ ਪਹਿਲਾਂ ਹੀ ਇਨ੍ਹਾਂ ਸੱਤਾ ਦੇ ਭੁੱਖੇ ਸਿਆਸਤਦਾਨਾਂ ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ ਹੈ ਅਤੇ ਸੂਬੇ ਵਿੱਚ ਭਾਰੀ ਬਹੁਮਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਈ ਹੈ। ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਇਨ੍ਹਾਂ ਆਗੂਆਂ ਨੂੰ ਸੂਬੇ ਅਤੇ ਇਥੋਂ ਦੇ ਲੋਕਾਂ ਵਿਰੁੱਧ ਕੀਤੇ ਗੁਨਾਹਾਂ ਲਈ ਕਦੇ ਮੁਆਫ਼ ਨਹੀਂ ਕਰਨਗੇ।

# ਅੰਮ੍ਰਿਤਸਰ ਦੇ 2 ਅਵਾਰਾ ਕੁੱਤੇ ਕੈਨੇਡਾ ਪਹੁੰਚੇ, ਬਿਜ਼ਨੈੱਸ ਕਲਾਸ ਵਿੱਚ ਕੀਤਾ ਸਫ਼ਰ

ਅੰਮ੍ਰਿਤਸਰ : ਅੰਮ੍ਰਿਤਸਰ ਤੋਂ 2 ਅਵਾਰਾ ਕੁੱਤੇ ਕੈਨੇਡਾ ਪਹੁੰਚੇ ਹਨ। ਇਨ੍ਹਾਂ ਕੁੱਤਿਆਂ ਨੂੰ ਬਿਜ਼ਨਸ ਕਲਾਸ ਰਾਹੀਂ ਕੈਨੇਡਾ ਭੇਜਿਆ ਗਿਆ ਹੈ। ਐਨੀਮਲ ਵੈਲਫ਼ੇਅਰ ਐਂਡ ਕੇਅਰ ਸੁਸਾਇਟੀ ਤੋਂ ਡਾਕਟਰ ਨਵਨੀਤ ਕੌਰ ਇਨ੍ਹਾਂ ਦੋ ਮਾਦਾ ਕੁੱਤਿਆਂ ਲਿਲੀ ਅਤੇ ਡੇਜ਼ੀ ਨੂੰ ਆਪਣੇ ਨਾਲ ਕੈਨੇਡਾ ਗਏ ਹਨ।

ਡਾ: ਨਵਨੀਤ ਕੌਰ ਨੇ ਦੱਸਿਆ ਕਿ ਕੈਨੇਡੀਅਨ ਔਰਤ ਬਰੈਂਡਾ ਨੇ ਲਿਲੀ ਅਤੇ ਡੇਜ਼ੀ ਨੂੰ ਗੋਦ ਲਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਹੁਣ ਤਕ ਉਹ 6 ਕੁੱਤਿਆਂ ਨੂੰ ਵਿਦੇਸ਼ ਲੈ ਜਾ ਚੁੱਕੇ ਹਨ। ਜਿਨ੍ਹਾਂ ਵਿੱਚੋਂ ਦੋ ਅਮਰੀਕਾ ਵਿੱਚ ਉਸ ਦੇ ਨਾਲ ਰਹਿੰਦੇ ਹਨ। ਡਾ: ਨਵਨੀਤ ਖੁਦ ਅਮਰੀਕਾ ਦੇ ਵਸਨੀਕ ਹਨ ਅਤੇ ਅੰਮ੍ਰਿਤਸਰ ਵਿੱਚ ਉਨ੍ਹਾਂ ਦਾ ਜੱਦੀ ਘਰ ਹੈ।

ਸਾਲ 2020 ਵਿੱਚ ਜਦੋਂ ਕੋਰੋਨਾ ਮਹਾਂਮਾਰੀ ਕਰਕੇ ਤਾਲਾਬੰਦੀ ਲੱਗੀ ਤਾਂ ਡਾਕਟਰ ਨਵਨੀਤ ਨੇ ਗਲੀ ਦੇ ਕੁੱਤਿਆਂ ਦੇ ਸਾਂਭ-ਸੰਭਾਲ ਅਤੇ ਇਲਾਜ ਲਈ ਇੱਕ ਸੰਸਥਾ ਬਣਾਈ ਸੀ। ਜਦਕਿ ਸੁਖਵਿੰਦਰ ਸਿੰਘ ਜੌਲੀ ਨੇ ਅੰਮ੍ਰਿਤਸਰ ਵਿਖੇ ਇਸ ਦਾ ਚਾਰਜ ਸੰਭਾਲ ਕੇ ਸੰਸਥਾ ਦੇ ਕੰਮ ਨੂੰ ਅੱਗੇ ਤੋਰਿਆ। ਸੰਸਥਾ ਵਲੋਂ ਤਕਰੀਬਨ ਇੱਕ ਮਹੀਨੇ ਤੋਂ ਲਿਲੀ ਅਤੇ ਡੇਜ਼ੀ ਦਾ ਪਾਲਣ ਪੋਸ਼ਣ ਕੀਤਾ ਜਾ ਰਿਹਾ ਹੈ।

# ਇਟਲੀ 'ਚ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੱਚਿਆਂ ਦੇ ਹੋਏ ਗੁਰਮਤਿ ਗਿਆਨ ਮੁਕਾਬਲੇ

ਰੋਮ : ਇਟਲੀ ਵਿੱਚ ਮਹਾਨ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਸੇਵਾ ਕਰ ਰਹੀ ਇਟਲੀ ਦੀ ਸਿਰਮੌਰ ਸੰਸਥਾ ਕੁਲਤੂਰਾ ਸਿੱਖ ਇਟਲੀ ਜੋ ਕਿ ਪਿਛਲੇ ਕਈ ਸਾਲਾਂ ਤੋਂ ਇਟਲੀ ਵਿੱਚ ਗੁਰਮਤਿ ਗਿਆਨ ਮੁਕਾਬਲਿਆਂ ਦੁਆਰਾ ਬੱਚਿਆਂ ਵਿੱਚ ਗੁਰਬਾਣੀ ਨਾਲ ਜੁੜਨ ਦੀ ਰੁੱਚੀ ਪੈਦਾ ਕਰ ਰਹੀ ਹੈ। ਇਸ ਸੰਸਥਾ ਵਲੋਂ 8ਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਲਾਗੋ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਿੰਘ ਸਭਾ ਕੋਰਤੇਨੋਵਾ ਵਿਖੇ 8ਵੇਂ ਗੁਰਮਤਿ ਗਿਆਨ ਮੁਕਾਬਲੇ ਕਰਵਾਏ ਗਏ। ਜਿਸ ਵਿੱਚ 5 ਸਾਲ ਤੋਂ ਲੈ ਕੇ 14 ਸਾਲ ਜਾਂ ਇਸ ਤੋਂ ਉਪਰ ਦੇ ਬੱਚਿਆਂ ਨੇ ਭਾਗ ਲਿਆ।




ਇਸ ਦਾ ਸਿਲੇਬਸ ਸੰਸਥਾ ਕਲਤੂਰਾ ਸਿੱਖ ਦੀ ਵੈੱਬਸਾਈਟ 'ਤੇ ਹੀ ਉਪਲੱਬਧ ਕਰਵਾਇਆ ਗਿਆ ਸੀ। ਇਹ ਮੁਕਾਬਲੇ 4 ਵੱਖ-ਵੱਖ ਗਰੁੱਪਾਂ ਵਿੱਚ ਲਿਖਤੀ ਰੂਪ ਵਿੱਚ ਕਰਵਾਏ ਗਏ। ਜਿਸ ਦਾ ਸਮਾਂ 40 ਮਿੰਟ ਨਿਰਧਾਰਤ ਕੀਤਾ ਗਿਆ ਸੀ। ਵੱਡੀ ਗਿਣਤੀ ਵਿੱਚ ਇਨ੍ਹਾਂ ਮੁਕਾਬਲਿਆਂ ਵਿੱਚ ਬੱਚਿਆਂ ਨੇ ਹਿੱਸਾ ਲਿਆ। ਜਿਸ ਵਿੱਚ ਗਰੁੱਪ 'ਏ' ਵਿੱਚ 5 ਤੋਂ 8 ਸਾਲ ਦੇ ਬੱਚਿਆਂ ਦੇ ਮੁਕਾਬਲਿਆਂ ਵਿੱਚ ਹਰਮਨਜੋਤ ਸਿੰਘ ਨੇ ਪਹਿਲਾ, ਜਪਜੀਤ ਕੌਰ ਨੇ ਦੂਸਰਾ ਅਤੇ ਹਰਸੀਰਤ ਕੌਰ, ਗੁਰਮਨ ਕੌਰ ਨੇ ਤੀਸਰਾ ਸਥਾਨ ਹਾਸਲ ਕੀਤਾ। ਗਰੁੱਪ 'ਬੀ' ਵਿੱਚ 8 ਤੋਂ 11 ਸਾਲ ਦੇ ਬੱਚਿਆਂ ਵਿੱਚ ਗੁਰਸਿਮਰਨ ਸਿੰਘ ਨੇ ਪਹਿਲਾ, ਹਰਸ਼ਲੀਨ ਕੌਰ ਨੇ ਦੂਸਰਾ ਅਤੇ ਰਹਿਮਤਪ੍ਰੀਤ ਕੌਰ, ਸਮਰਵੀਰ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਗਰੁੱਪ 'ਸੀ' 11 ਤੋਂ 14 ਸਾਲ ਦੇ ਬੱਚਿਆਂ ਵਿੱਚ ਸਹਿਜਪ੍ਰੀਤ ਸਿੰਘ, ਤਰਮਨਪ੍ਰੀਤ ਸਿੰਘ ਨੇ ਪਹਿਲਾ, ਜਸਮੀਨ ਕੌਰ, ਹਰਮਨ ਕੌਰ, ਸਾਹਿਬਜੀਤ ਸਿੰਘ, ਹਰਲੀਨ ਕੌਰ ਨੇ ਦੂਸਰਾ ਅਤੇ ਗੁਰਕਮਲ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।

ਗਰੁੱਪ 'ਡੀ' ਵਿੱਚ ਹਰਜੋਤਦੀਪ ਸਿੰਘ, ਪ੍ਰਭਜੋਤ ਕੌਰ, ਅਮਨਿੰਦਰਜੀਤ ਕੌਰ, ਅਕਸਪ੍ਰੀਤ ਸਿੰਘ, ਪਰਮਿੰਦਰ ਕੌਰ ਨੇ ਪਹਿਲਾ ਪਵਨਵੀਰ ਕੌਰ, ਖੁਸ਼ਦੀਪ ਕੌਰ ਨੇ ਦੂਸਰਾ ਅਤੇ ਨਵਦੀਪ ਸਿੰਘ, ਜੈਸਿਕਾ ਸੈਣੀ ਨੇ ਤੀਸਰਾ ਸਥਾਨ ਹਾਸਲ ਕੀਤਾ। ਜੇਤੂ ਬੱਚਿਆਂ ਨੂੰ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸਹਿਬ ਦੀ ਪ੍ਰਬੰਧਕ ਕਮੇਟੀ ਅਤੇ ਕਲਤੂਰਾ ਸਿੱਖ ਦੇ ਆਗੂਆਂ ਨੇ ਕਿਹਾ ਕਿ ਇਲਾਕੇ ਦੇ ਸਿੱਖ ਨੌਜਵਾਨਾਂ ਨੂੰ ਵੱਧ ਤੋਂ ਵੱਧ ਗੁਰਬਾਣੀ ਨਾਲ ਜੋੜਣ ਲਈ ਉਪਰਾਲਾ ਕੀਤਾ ਗਿਆ ਹੈ। ਜਿਸ ਵਿੱਚ ਬੱਚਿਆਂ ਦੇ ਮਾਪਿਆਂ ਦੁਆਰਾ ਵੱਡਮੁੱਲਾ ਯੋਗਦਾਨ ਦਿੱਤਾ ਗਿਆ ਹੈ ਅਤੇ ਸਾਰੇ ਬੱਚਿਆਂ ਦੇ ਮਾਤਾ ਪਿਤਾ ਦਾ ਧੰਨਵਾਦ ਵੀ ਕੀਤਾ ਗਿਆ।

ਇਸ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਧੰਨ-ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ। ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗ੍ਰੰਥੀ ਸਿੰਘ ਵਲੋਂ ਕੀਰਤਨ ਰਾਹੀ ਦਿਵਾਨਾ ਸ਼ੁਰੂ ਕੀਤੇ ਬਾਅਦ ਰਣਜੀਤ ਸਿੰਘ ਰਾਣਾ ਵਲੋਂ ਗੁਰਮਤਿ ਵਿੱਚਾਰਾਂ ਅਤੇ ਭਾਈ ਕੁਲਵੰਤ ਸਿੰਘ ਦੇ ਕਵੀਸ਼ਰੀ ਜੱਥੇ ਨੇ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਨਾਲ ਨਿਹਾਲ ਕੀਤਾ। ਸਾਰਾ ਸਮਾਗਮ ਕਲਤੂਰਾ ਸਿੱਖ ਟੀ ਵੀ 'ਤੇ ਲਾਈਵ ਦਿਖਾਇਆ ਗਿਆ। ਇਸ ਮੌਕੇ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਗਿਆ।

# ਸ਼੍ਰੋਮਣੀ ਕਮੇਟੀ ਵਲੋਂ ਗੁਰਬਾਣੀ ਪ੍ਰਸਾਰਨ ਲਈ ਚੈਨਲ ਸ਼ੁਰੂ ਕਰਨ ਦੇ ਐਲਾਨ ਦੀ ਸਰਨਾ ਨੇ ਕੀਤੀ ਸ਼ਲਾਘਾ




ਨਵੀਂ ਦਿੱਲੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਬਾਣੀ ਪ੍ਰਸਾਰਨ ਲਈ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਦੇ ਉੱਦਮ ਦੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ, "ਸਿੱਖ ਕੌਮ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 24 ਜੁਲਾਈ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਨਾਂ 'ਤੇ ਆਪਣਾ ਯੂਟਿਊਬ ਚੈਨਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ, ਇਹ ਬਹੁਤ ਹੀ ਸ਼ਲਾਘਾਯੋਗ ਹੈ।" "ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸਮੁੱਚੀ ਸ਼੍ਰੋਮਣੀ ਕਮੇਟੀ ਇਸ ਉੱਦਮ ਲਈ ਵਧਾਈ ਦੇ ਪਾਤਰ ਹਨ। ਹੋਰ ਖੁਸ਼ੀ ਦੀ ਗੱਲ ਹੈ ਜੋ ਹਰਜਿੰਦਰ ਸਿੰਘ ਧਾਮੀ ਨੇ ਐਲਾਨ ਕੀਤਾ ਹੈ ਕਿ ਸ਼੍ਰੋਮਣੀ ਕਮੇਟੀ ਤਿੰਨ ਮਹੀਨਿਆਂ ਦੇ ਅੰਦਰ ਆਪਣਾ ਸੈਟੇਲਾਈਟ ਚੈਨਲ ਵੀ ਚਲਾਏਗੀ ਜਿਸ ਰਾਹੀਂ ਹਰ ਗੁਰੂ ਨਾਨਕ ਨਾਮਲੇਵਾ ਸਿੱਖ ਤਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਹੁੰਦੇ ਇਲਾਹੀ ਬਾਣੀ ਦੇ ਕੀਰਤਨ ਅਤੇ ਗੁਰਮਤਿ ਨਾਲ ਜੁੜ ਸਕੇਗਾ। ਹਰਜਿੰਦਰ ਸਿੰਘ ਧਾਮੀ, ਜਿਨ੍ਹਾਂ ਦੇ ਕਾਰਜ ਕਾਲ 'ਚ ਸ਼੍ਰੋਮਣੀ ਕਮੇਟੀ ਇਹ ਇਤਿਹਾਸਕ ਕੰਮ ਕਰਨ ਜਾ ਰਹੀ ਹੈ, ਨੂੰ ਵੀ ਆਉਣ ਵਾਲੀਆਂ ਪੀੜ੍ਹੀਆਂ ਇਸ ਉੱਦਮ ਲਈ ਸਦਾ ਯਾਦ ਰੱਖਣਗੀਆਂ।"

# ਦੋਸਤਾਂ ਨਾਲ ਲਾਈ ਸ਼ਰਤ ਕਾਰਨ ਮੌਤ ਦੇ ਮੂੰਹ 'ਚ ਪਹੁੰਚਿਆ ਨੌਜਵਾਨ, ਪਰਿਵਾਰ ਵਲੋਂ ਕਤਲ ਦਾ ਖ਼ਦਸ਼ਾ

ਗੋਪਾਲਗੰਜ : ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ 'ਚ ਇੱਕ ਨੌਜਵਾਨ ਦੀ ਮੋਮੋਜ਼ ਖਾਣ ਨਾਲ ਮੌਤ ਹੋ ਗਈ। ਮ੍ਰਿਤਕ ਵਿਪਿਨ ਕੁਮਾਰ ਪਾਸਵਾਨ ਦੀ ਮੋਬਾਇਲ ਰਿਪੇਅਰਿੰਗ ਦੀ ਦੁਕਾਨ ਸੀ। ਘਟਨਾ ਦੇ ਸੰਬੰਧ 'ਚ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵਿਪਿਨ ਨੇ ਆਪਣੇ ਦੋਸਤਾਂ ਨਾਲ ਮੋਮੋਜ਼ ਖਾਣ ਦੀ ਸ਼ਰਤ ਲਗਾਈ। ਸ਼ਰਤ ਜਿੱਤਣ ਲਈ ਵਿਪਿਨ ਨੇ ਬਹੁਤ ਜ਼ਿਆਦਾ ਮੋਮੋਜ਼ ਖਾ ਲਏ। ਮੋਮੋਜ਼ ਖਾਣ ਤੋਂ ਬਾਅਦ ਉਹ ਆਪਣੀ ਮੋਬਾਇਲ ਦੁਕਾਨ 'ਚ ਪੁੱਜਿਆ, ਜਿੱਥੇ ਉਸ ਦੀ ਮੌਤ ਹੋ ਗਈ। ਥਾਵੇ ਦੇ ਥਾਣਾ ਇੰਚਾਰਜ ਸ਼ਸ਼ੀ ਰੰਜਨ ਕੁਮਾਰ ਦਾ ਕਹਿਣਾ ਹੈ ਕਿ ਨੌਜਵਾਨ ਦੀ ਮੌਤ ਵੱਧ ਮੋਮੋਜ਼ ਖਾਣ ਨਾਲ ਹੋਈ ਹੈ। ਸਥਾਨਕ ਲੋਕਾਂ ਅਨੁਸਾਰ ਜਿੱਤ-ਹਾਰ ਦੀ ਸ਼ਰਤ 'ਚ ਵਿਪਿਨ ਨੇ ਜ਼ਿਆਦਾ ਮੋਮੋਜ਼ ਖਾ ਲਏ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਜਦੋਂ ਕਿ ਮ੍ਰਿਤਕ ਦੇ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਜ਼ਹਿਰ ਦੇ ਕੇ ਉਸ ਦਾ ਕਤਲ ਕੀਤਾ ਗਿਆ ਹੈ। ਘਟਨਾ ਦੇ ਸੰਬੰਧ 'ਚ ਥਾਣਾ ਮੁੱਖੀ ਦਾ ਕਹਿਣਾ ਹੈ ਕਿ ਪੁਲੀਸ ਹਰ ਪਹਿਲੂ ਤੋਂ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲੀਸ ਨੇ ਲਾਸ਼ ਦਾ ਪੋਸਟ ਮਾਰਟਮ ਕਰਵਾਉਣ ਤੋਂ ਬਾਅਦ ਪਰਿਵਾਰ ਵਾਲਿਆਂ ਨੂੰ ਸੌਂਪ ਦਿੱਤੀ।



ਉੱਥੇ ਹੀ ਡਾਕਟਰ ਦਾ ਕਹਿਣਾ ਹੈ ਕਿ ਚਾਈਨੀਜ਼ ਫੂਡ ਨੂੰ ਠੀਕ ਤਰ੍ਹਾਂ ਚਬਾ ਕੇ ਖਾਣਾ ਚਾਹੀਦਾ ਨਹੀਂ ਤਾਂ ਇਹ ਸਿਹਤ ਲਈ ਨੁਕਸਾਨਦਾਇਕ ਸਾਬਿਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਪਿਨ ਜਲਦਬਾਜ਼ੀ 'ਚ ਘੱਟ ਸਮੇਂ 'ਚ ਜ਼ਿਆਦਾ ਤੋਂ ਜ਼ਿਆਦਾ ਮੋਮੋਜ਼ ਖਾਣਾ ਚਾਅ ਰਿਹਾ ਹੋਵੇ ਅਤੇ ਉਸ ਦੀ ਇਸੇ ਚਾਹਤ 'ਚ ਉਹ ਬਹੁਤ ਚੰਗੀ ਤਰ੍ਹਾਂ ਚਬਾ ਕੇ ਨਹੀਂ ਖਾਧੇ ਹੋਣ। ਇਸ ਲਈ ਇਸ ਤਰ੍ਹਾਂ ਖਾਣਾ ਵੀ ਨੌਜਵਾਨ ਦੀ ਮੌਤ ਦੀ ਇੱਕ ਵਜ੍ਹਾ ਹੋ ਸਕਦੀ ਹੈ। ਡਾ. ਐੱਸ.ਕੇ. ਰੰਜਨ ਨੇ ਕਿਹਾ ਕਿ ਮੌਤ ਦੀ ਇੱਕ ਦੂਜੀ ਵਜ੍ਹਾ ਇਹ ਵੀ ਹੋ ਸਕਦੀ ਹੈ ਕਿ ਮੋਮੋਜ਼ ਨੂੰ ਠੀਕ ਤਰ੍ਹਾਂ ਚਬਾ ਕੇ ਖਾਣ ਦੀ ਬਜਾਏ ਇਸੇ ਤਰ੍ਹਾਂ ਹੀ ਨਿਗਲ ਜਾਣ ਨਾਲ ਗਲ਼ੇ 'ਚ ਜਾ ਕੇ ਫ਼ਸ ਗਿਆ ਹੋਵੇ, ਜਿਸ ਕਾਰਨ ਉਸ ਦੀ ਮੌਤ ਹੋ ਗਈ ਹੋਵੇਗੀ।

## ਪੰਜਾਬ ਰੈਜੀਮੈਂਟ ਦਾ ਇਤਿਹਾਸ:

# ਫ਼ਰਾਂਸ ਦੇ ਕੌਮੀ ਦਿਹਾੜੇ ਮੌਕੇ ਭਾਰਤ ਦੀ ਅਗਵਾਈ ਕੀਤੀ ਤੇ ਜਿਸ 'ਤੇ 'ਬਾਰਡਰ' ਫਿਲਮ ਬਣੀ ਪੰਜਾਬ ਰੈਜੀਮੈਂਟ ਦਾ ਇਤਿਹਾਸ: ਫ਼ਰਾਂਸ ਦੇ ਕੌਮੀ ਦਿਹਾੜੇ ਮੌਕੇ ਭਾਰਤ ਦੀ ਅਗਵਾਈ ਕੀਤੀ ਤੇ ਜਿਸ 'ਤੇ 'ਬਾਰਡਰ' ਫਿਲਮ ਬਣੀ ਸੀ



ਫ਼ਰਾਂਸ ਦੇ ਕੌਮੀ ਦਿਹਾੜੇ ਦੇ ਜਸ਼ਨਾਂ ਦੇ ਸੰਬੰਧ ਵਿੱਚ ਭਾਰਤੀ ਫ਼ੌਜ ਦੇ ਤਿੰਨਾਂ ਬਲਾਂ ਦੇ ਸਿਪਾਹੀਆਂ ਨੇ ਰਾਜਧਾਨੀ ਪੈਰਿਸ ਦੇ ਚੈਂਪਸ ਐੱਲੀਸੀ ਵਿੱਚ ਪਰੇਡ ਕੀਤੀ।

ਇਸ ਦੌਰਾਨ ਭਾਰਤੀ ਜਵਾਨਾਂ ਦਾ ਸਾਥ ਭਾਰਤੀ ਫ਼ੌਜ ਦੇ ਇੱਕ ਬੈਂਡ ਦਸਤੇ ਨੇ ਵੀ ਦਿੱਤਾ।

ਜਿਸ ਪਰੇਡ ਵਿੱਚ ਭਾਰਤੀ ਫ਼ੌਜੀਆਂ ਨੇ ਹਿੱਸਾ ਲਿਆ ਉਸ ਨੂੰ 'ਬੈਸਟਾਈਲ ਡੇ' ਪਰੇਡ ਵਜੋਂ ਜਾਣਿਆ ਜਾਂਦਾ ਹੈ।

ਉੱਪਰ ਅਕਾਸ਼ ਵਿੱਚ ਭਾਰਤੀ ਹਵਾਈ ਫ਼ੌਜ ਦੇ ਰਾਫ਼ੇਲ ਲੜਾਕੂ ਜਹਾਜ਼ਾਂ ਦੀ ਟੁਕੜੀ ਨੇ ਫ਼ਰਾਂਸ ਦੇ ਆਜ਼ਾਦੀ, ਬਰਾਬਰੀ ਤੇ ਭਾਈਚਾਰਾ ਜੋ ਕਿ ਲੋਕਤੰਤਰ ਦੀ ਬੁਨਿਆਦ ਹਨ, ਨੂੰ ਦਿਲਕਸ਼ ਸਲੂਟ ਦਿੱਤਾ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੇ ਤੇ ਇਨ੍ਹਾਂ ਪਲਾਂ ਨੂੰ ਯਾਦਗਾਰੀ ਦੱਸਿਆ ਹੈ।

ਉਨ੍ਹਾਂ ਤੋਂ ਪਹਿਲਾਂ ਸਾਲ 2009 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਸਨ।

ਉਸ ਸਮੇਂ ਤਿੰਨਾਂ ਫ਼ੌਜਾਂ ਦੇ ਦਸਤਿਆਂ ਤੋਂ ਇਲਾਵਾ ਮਰਾਠਾ ਲਾਈਟ ਇਨਫ਼ੈਂਟਰੀ ਦਾ ਦਸਤਾ ਵੀ ਇਸ ਪਰੇਡ ਦਾ ਹਿੱਸਾ ਬਣਿਆ ਸੀ।ਇਸ ਟੁਕੜੀ ਦੀ ਨੁਮਾਇੰਦਗੀ ਪੰਜਾਬ ਰੈਜੀਮੈਂਟ ਦੇ ਇੱਕ ਦਸਤੇ ਨੇ ਕੀਤੀ।ਬੇਸ਼ੱਕ ਫ਼ਰਾਂਸੀਸੀ ਵੀ ਬਰਤਾਨੀਆਂ ਵਾਂਗ ਭਾਰਤ ਵਿੱਚ ਇੱਕ ਬਸਤੀਵਾਦੀ ਤਾਕਤ ਰਹੇ ਹਨ। ਫ਼ਰਾਂਸ ਨਾਲ ਭਾਰਤੀ ਫ਼ੌਜ ਦਾ ਰਿਸ਼ਤਾ ਇੱਕ ਸਦੀ ਤੋਂ ਪੁਰਾਣਾ ਹੈ।

**ਫ਼ਰਾਂਸੀਸੀ ਭਾਰਤੀਆਂ ਦੇ ਅਹਿਸਾਨਮੰਦ ਕਿਉਂ**

ਭਾਰਤੀ ਜਵਾਨਾਂ ਨੇ ਫ਼ਰਾਂਸ ਦੀ ਦੋਵਾਂ ਵਿਸ਼ਵ ਯੁੱਧਾਂ ਵਿੱਚ ਰਾਖੀ ਕੀਤੀ ਹੈ।

ਫ਼ਰਾਂਸ ਦੀ ਧਰਤੀ ਲਈ ਆਪਣਾ ਖ਼ੂਨ ਵਹਾਇਆ ਹੈ। ਇਸ ਲਈ ਭਾਰਤੀ ਜਵਾਨਾਂ ਦਾ ਉੱਥੇ ਆਪਣੇ ਰਵਾਇਤੀ ਰੋਹਬ ਨਾਲ ਸਿਰ ਉੱਚਾ ਕਰਕੇ ਬੈਸਟਾਈਲ ਡੇ ਪਰੇਡ ਕਰਨਾ ਬਣਦਾ ਵੀ ਹੈ।

ਪਹਿਲੇ ਵਿਸ਼ਵ ਯੁੱਧ ਦੌਰਾਨ 1914 ਵਿੱਚ ਜਦੋਂ ਪੱਛਮੀ ਮੋਰਚੇ ਉੱਤੇ ਜਰਮਨੀ ਦੇ ਵਿਰੁੱਧ ਲਾਮਬੰਧੀ ਹੋ ਰਹੀ ਸੀ ਤਾਂ ਜਰਮਨੀ ਦੀ ਵਿਸ਼ਾਲ ਇੰਪੀਰੀਅਲ ਆਰਮੀ ਦੇ ਸਾਹਮਣੇ ਬਰਤਾਨਵੀ ਫ਼ੌਜ ਕਾਫ਼ੀ ਛੋਟੀ ਸਾਬਤ ਹੋ ਰਹੀ ਸੀ।

ਅਜਿਹੇ ਸਮੇਂ ਬਰਤਾਨੀਆ ਵੱਲੋਂ ਭਾਰਤ ਦੀ ਜਨਤਾ ਅਤੇ ਆਗੂਆਂ ਨੂੰ ਮਦਦ ਦੀ ਅਪੀਲ ਕੀਤੀ ਗਈ।

ਇਸ ਦੇ ਨਤੀਜੇ ਵਜੋਂ ਸਤੰਬਰ 1914 ਵਿੱਚ ਭਾਰਤ ਤੋਂ ਦੋ ਡਵੀਜ਼ਨਾਂ ਦੀ ਇੱਕ ਭਾਰਤੀ ਕੋਰ ਅਤੇ ਦੋ ਘੋੜਸਵਾਰ ਡਵੀਜ਼ਨਾਂ ਦੀ ਇੱਕ ਭਾਰਤੀ ਕੈਵਲਰੀ ਕੋਰ ਰਵਾਨਾ ਹੋਈ।

ਭਾਰਤੀ ਫ਼ੌਜੀਆਂ ਨੇ ਬੜੀ ਬਹਾਦਰੀ ਨਾਲ ਬ੍ਰਿਟਿਸ਼ ਫ਼ੌਜ ਦੀ ਕਮੀ ਨੂੰ ਪੂਰਾ ਕੀਤਾ। ਈਪਰਾ ਦੀਆਂ ਲੜਾਈਆਂ ਅਤੇ ਲਾ ਬੈਸੀ ਦੀਆਂ ਲੜਾਈਆਂ ਵਿੱਚ ਹਿੱਸਾ ਲਿਆ ਅਤੇ ਮਾਰਚ 1915 ਵਿੱਚ ਲੜੀ ਗਈ ਲਾ ਸ਼ੈਪਲ ਦੀ ਲੜਾਈ ਵਿੱਚ ਅੱਗੇ ਹੋ ਕੇ ਅਗਵਾਈ ਕੀਤੀ।

ਪੱਛਮੀ ਮੋਰਚੇ 'ਤੇ ਲੜਨ ਵਾਲੇ ਇੱਕ ਲੱਖ ਤੀਹ ਹਜ਼ਾਰ ਭਾਰਤੀ ਫ਼ੌਜੀਆਂ ਵਿੱਚੋਂ 9,000 ਜਵਾਨਾਂ ਦੀ ਜਾਨ ਗਈ ਸੀ।1915 ਦੇ ਸ਼ੁਰੂ ਵਿੱਚ ਕਿਚਨਰਜ਼ ਨਿਊ ਆਰਮੀ ਦੇ ਬਰਤਾਨਵੀ ਦਸਤੇ ਮੁਹਈਆ ਕਰਵਾਏ ਜਾ ਰਹੇ ਸਨ।

ਇਹ ਸੋਚਿਆ ਗਿਆ ਸੀ ਕਿ ਜੰਗੀ ਪੈਂਤੜੇ ਤੋਂ ਭਾਰਤੀ ਫ਼ੌਜ ਭਾਰਤ ਦੇ ਨਜ਼ਦੀਕ ਪੱਛਮੀ ਏਸ਼ੀਆ ਵਿੱਚ ਜ਼ਿਆਦਾ ਉਪਯੋਗੀ ਰਹੇਗੀ, ਜਿਵੇਂ ਕਿ ਮਿਸਰ, ਫ਼ਲਸਤੀਨ ਅਤੇ ਇਰਾਕ।

ਇਸ ਤੋਂ ਇਲਾਵਾ ਭਾਰਤੀ ਫ਼ੌਜੀਆਂ ਦਾ ਮਨੋਬਲ ਬਹੁਤ ਜ਼ਿਆਦਾ ਜਾਨੀ ਨੁਕਸਾਨ ਅਤੇ ਠੰਢੇ ਸਲ੍ਹਾਬੇ ਮੌਸਮ ਕਾਰਨ ਕਾਫ਼ੀ ਡਿੱਗਿਆ ਹੋਇਆ ਸੀ।\

**ਭਾਰਤੀ ਫ਼ੌਜੀਆਂ ਦੀਆਂ ਚਿੱਠੀਆਂ ਦੀ ਸੈਂਸਰਸ਼ਿਪ**


ਬਰਤਾਨੀਆ ਨੇ ਭਾਰਤੀ ਫ਼ੌਜੀਆਂ ਦੀਆਂ ਚਿੱਠੀਆਂ ਦੀ ਸੈਂਸਰਸ਼ਿਪ ਤੋਂ ਇਹ ਭੇਤ ਵੀ ਉਜਾਗਰ ਹੋਇਆ ਕਿ ਉਹ ਫ਼ਰਾਂਸ ਦੇ ਲੋਕਾਂ ਨਾਲ ਖ਼ਾਸ ਕਰ ਬੀਬੀਆਂ ਨਾਲ ਮੇਲ-ਜੋਲ ਕਾਰਨ ਸੁਤੰਤਰਤਾ, ਬਰਾਬਰੀ ਅਤੇ ਭਾਈਚਾਰੇ ਵਰਗੇ ਗੁਣ ਗ੍ਰਹਿਣ ਕਰ ਰਹੇ ਸਨ।

ਇਹ ਵਿਚਾਰ ਭਾਰਤ ਵਿੱਚ ਹਕੂਮਤ ਕਰ ਰਹੀ ਬਸਤੀਵਾਦੀ ਬ੍ਰਿਟਸ਼ ਸਰਕਾਰ ਲਈ ਮੂਲੋਂ ਹੀ ਖ਼ਤਰਨਾਕ ਸਨ।ਇਨ੍ਹਾਂ ਕਾਰਨਾਂ ਕਰਕੇ ਭਾਰਤੀ ਟੁਕੜੀਆਂ ਨੂੰ ਅਕਤੂਬਰ 1915 ਵਿੱਚ ਉੱਥੋਂ ਹਟਾ ਕੇ ਇਰਾਕ ਭੇਜ ਦਿੱਤਾ ਗਿਆ।ਹਾਲਾਂਕਿ ਘੋੜਸਵਾਰ ਦਸਤਿਆਂ ਨੂੰ ਇਸ ਉਮੀਦ ਵਿੱਚ ਉੱਥੇ ਤੈਨਾਤ ਰੱਖਿਆ ਗਿਆ ਕਿ ਮੋਰਚਿਆਂ ਦੀ ਲੜਾਈ ਤੋਂ ਬਾਅਦ ਜ਼ਮੀਨੀ ਲੜਾਈ ਵਿੱਚ ਇਹ ਦਸਤੇ ਸਹਾਈ ਸਿੱਧ ਹੋਣਗੇ। ਹਾਲਾਂਕਿ ਅਜਿਹਾ ਹੋਇਆ ਨਹੀਂ।

ਸਗੋਂ ਭਾਰਤੀ ਘੋੜਸਵਾਰ ਦਸਤਿਆਂ ਦੇ ਫ਼ੌਜੀਆਂ ਨੇ ਕਈ ਮੌਕਿਆਂ ਤੇ ਫੌਜੀਆਂ ਦੀ ਭੂਮਿਕਾ ਨਿਭਾਈ ਅਤੇ







When you want to read News that matters

The South Asian Insider Weekly




## Uncompromised and Unbiased

*21 Glorious Years *Always a Step Ahead
*Journalism of Courage
*Fearless Voice of the Community

www.thesouthasianinsider.com

# ਚਾਰ ਬੱਚਿਆਂ ਨਾਲ ਚੋਰੀ ਭਾਰਤ ਆਈ ਸੀਮਾ ਦੇ ਪਰਿਵਾਰ ਅਤੇ ਗੁਆਂਢੀਆਂ ਨੇ ਕਿਹਾ, ਚੰਗਾ ਹੋਵੇਗਾ ਹੁਣ ਉਹ ਕਦੇ ਨਾ ਪਰਤੇ ਪਾਕਿ

ਕਰਾਚੀ: ਮੁਸਲਿਮ ਸਮਾਜ ਦੇ ਨਿਯਮਾਂ ਨੂੰ ਤੋੜਨ ਦੀ ਹਿੰਮਤ ਕਰਦਿਆਂ ਆਪਣੇ ਚਾਰ ਬੱਚਿਆਂ ਨਾਲ ਚੋਰੀ ਭਾਰਤ ਗਈ ਪਾਕਿਸਤਾਨੀ ਔਰਤ ਸੀਮਾ ਗ਼ੁਲਾਮ ਹੈਦਰ ਦਾ ਉਸ ਦੇ ਪਰਿਵਾਰ ਅਤੇ ਗੁਆਂਢੀਆਂ ਨੇ ਬਾਈਕਾਟ ਕਰ ਦਿੱਤਾ ਹੈ। ਉਹ ਭਾਰਤ 'ਚ ਇੱਕ ਹਿੰਦੂ ਵਿਅਕਤੀ ਨਾਲ ਰਹਿਣ ਗਈ ਹੈ ਜਿਸ ਨਾਲ ਇੱਕ ਔਨ-ਲਾਈਨ ਗੇਮ ਪੱਬਜੀ 'ਤੇ ਉਸ ਦੀ ਦੋਸਤੀ ਹੋਈ ਸੀ।




ਸੀਮਾ ਅਤੇ ਸਚਿਨ ਮੀਨਾ 2019 'ਚ ਪੱਬਜੀ ਖੇਡਦੇ ਹੋਏ ਇੱਕ-ਦੂਜੇ ਨਾਲ ਸੰਪਰਕ 'ਚ ਆਏ ਅਤੇ ਦੋਵਾਂ ਵਿਰੋਧੀ ਦੇਸ਼ਾਂ 'ਚ 1,300 ਕਿਲੋਮੀਟਰ ਤੋਂ ਵੱਧ ਦੂਰੀ 'ਤੇ ਰਹਿ ਰਹੇ ਦੋਵਾਂ ਵਿਚਕਾਰ ਇੱਕ ਨਾਟਕੀ ਪ੍ਰੇਮ ਕਹਾਣੀ ਸ਼ੁਰੂ ਹੋ ਗਈ। ਉੱਤਰ ਪ੍ਰਦੇਸ਼ ਪੁਲੀਸ ਮੁਤਾਬਿਕ ਸੀਮਾ (30) ਅਤੇ ਸਚਿਨ (22) ਦਿੱਲੀ ਦੇ ਨੇੜੇ ਗ੍ਰੇਟਰ ਨੋਇਡਾ ਦੇ ਰਬੂਪੁਰਾ ਇਲਾਕੇ 'ਚ ਰਹਿੰਦੇ ਹਨ ਜਿੱਥੇ ਸਚਿਨ ਕਰਿਆਨੇ ਦੀ ਦੁਕਾਨ ਚਲਾਉਂਦਾ ਹੈ। ਸੀਮਾ ਨੂੰ 4 ਜੁਲਾਈ ਨੂੰ ਬਿਨਾਂ ਵੀਜ਼ੇ ਦੇ ਨੇਪਾਲ ਰਾਹੀਂ ਆਪਣੇ ਚਾਰ ਬੱਚਿਆਂ ਨਾਲ ਗ਼ੈਰ-ਕਾਨੂੰਨੀ ਤਰੀਕੇ ਨਾਲ ਭਾਰਤ 'ਚ ਦਾਖਲ ਹੋਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਦਕਿ ਸਚਿਨ ਨੂੰ ਗ਼ੈਰ-ਕਾਨੂੰਨੀ ਪ੍ਰਵਾਸੀ ਨੂੰ ਪਨਾਹ ਦੇਣ ਦੇ ਦੋਸ਼ 'ਚ ਜੇਲ੍ਹ 'ਚ ਬੰਦ ਕੀਤਾ ਗਿਆ ਸੀ। ਹਾਲ ਹੀ 'ਚ ਉਹ ਜੇਲ੍ਹ ਤੋਂ ਰਿਹਾਅ ਹੋਇਆ ਹੈ। ਸੀਮਾ ਦੇ ਚਾਰੋਂ ਬੱਚਿਆਂ ਦੀ ਉਮਰ ਸੱਤ ਸਾਲ ਤੋਂ ਘੱਟ ਹੈ।

ਸੀਮਾ ਦੇ ਗੁਆਂਢੀਆਂ ਅਤੇ ਇੱਕ ਰਿਸ਼ਤੇਦਾਰ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਸੀਮਾ ਪਾਕਿਸਤਾਨ ਨਾ ਪਰਤੇ। ਸੀਮਾ ਭਾਰਤ ਆਉਣ ਤੋਂ ਪਹਿਲਾਂ ਆਪਣੇ ਬੱਚਿਆਂ ਨਾਲ ਪਿਛਲੇ ਤਿੰਨ ਸਾਲ ਤੋਂ ਪਾਕਿਸਤਾਨ 'ਚ ਕਿਰਾਏ ਦੇ ਇੱਕ ਮਕਾਨ 'ਚ ਰਹਿ ਰਹੀ ਸੀ। ਉਸ ਦੇ ਮਕਾਨ ਮਾਲਕ ਦੇ 16 ਸਾਲਾ ਬੇਟੇ ਨੇ ਕਿਹਾ, "ਉਸ ਨੂੰ ਆਪਣੇ ਬੱਚਿਆਂ ਨੂੰ ਵਾਪਿਸ ਪਾਕਿਸਤਾਨ ਭੇਜਣਾ ਚਾਹੀਦਾ ਹੈ।


# ਟਮਾਟਰ ਵੇਚ ਕੇ ਕਰੋੜਪਤੀ ਬਣਿਆ ਕਿਸਾਨ, 13 ਹਜ਼ਾਰ ਕ੍ਰੇਟ ਵੇਚ ਕੇ ਕਮਾਏ ਡੇਢ ਕਰੋੜ

ਪੁਣੇ: ਪੂਰੇ ਦੇਸ਼ 'ਚ ਟਮਾਟਰ ਦੀਆਂ ਵਧੀਆਂ ਹੋਈਆਂ ਕੀਮਤਾਂ ਨੂੰ ਲੈ ਕੇ ਹਾਹਾਕਾਰ ਮਚੀ ਹੋਈ ਹੈ। ਇਸੇ ਵਿਚਾਲੇ ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ਦੇ ਇੱਕ ਕਿਸਾਨ ਤੁਕਾਰਾਮ ਭਾਗੋਜੀ ਗਾਇਕਰ ਅਤੇ ਉਨ੍ਹਾਂ ਦੇ ਪਰਿਵਾਰ ਨੇ ਟਮਾਟਰਾਂ ਦੇ 13 ਹਜ਼ਾਰ ਕ੍ਰੇਟ ਵੇਚ ਕੇ ਡੇਢ ਕਰੋੜ ਰੁਪਏ ਤੋਂ ਜ਼ਿਆਦਾ ਦੀ ਕਮਾਈ ਕੀਤੀ ਹੈ।



ਤੁਕਾਰਾਮ ਕੋਲ 18 ਕਿੱਲੇ ਵਾਹੀਯੋਗ ਜ਼ਮੀਨ ਹੈ ਅਤੇ ਉਹ 12 ਕਿੱਲਿਆਂ 'ਚ ਆਪਣੇ ਪੁੱਤਰ ਈਸ਼ਵਰ ਗਾਇੱਕਰ ਅਤੇ ਨੂੰਹ ਸੋਨਾਲੀ ਦੀ ਮਦਦ ਨਾਲ ਵਧੀਆ ਗੁਣਵੱਤਾ ਵਾਲੇ ਟਮਾਟਰ ਉਗਾਉਂਦਾ ਹੈ। ਖਾਦ ਅਤੇ ਕੀੜੇਮਾਰ ਦਵਾਈਆਂ ਉਸ ਦੀ ਫ਼ਸਲ ਨੂੰ ਬਚਾਉਂਦੇ ਹਨ। ਨਾਰਾਇਣਗੰਜ 'ਚ ਟਮਾਟਰ ਦੇ ਇੱਕ ਕ੍ਰੇਟ ਦਾ ਮੁੱਲ 2, 100 ਰੁਪਏ ਸੀ। ਗਾਇਕਰ ਨੇ ਕੁੱਲ 900 ਕ੍ਰੇਟ ਵੇਚੇ ਜਿਸ ਨਾਲ ਉਸ ਨੂੰ ਇੱਕ ਹੀ ਦਿਨ 'ਚ 18 ਲੱਖ ਰੁਪਏ ਦੀ ਕਮਾਈ ਹੋਈ। ਪਿਛਲੇ ਮਹੀਨੇ ਉਹ ਗੁਣਵੱਤਾ ਦੇ ਆਧਾਰ 'ਤੇ 1, 000 ਤੋਂ 2, 400 ਰੁਪਏ ਪ੍ਰਤੀ ਕ੍ਰੇਟ ਦੇ ਮੁੱਲ 'ਤੇ ਟਮਾਟਰ ਦੇ ਕ੍ਰੇਟ ਵੇਚਣ ਦੇ ਸਮਰੱਥ ਸੀ। ਪੁਣੇ ਜ਼ਿਲੇ ਦੇ ਇੱਕ ਹੋਰ ਸ਼ਹਿਰ ਜੁਨਾਰ 'ਚ ਕਈ ਕਿਸਾਨ ਜੋ ਹੁਣ ਟਮਾਟਰ ਉਗਾ ਰਹੇ ਹਨ, ਕਰੋੜਪਤੀ ਬਣ ਗਏ ਹਨ। ਕਮੇਟੀ ਨੇ ਟਮਾਟਰ ਵੇਚ ਕੇ ਇੱਕ ਮਹੀਨੇ 'ਚ 80 ਕਰੋੜ ਰੁਪਏ ਦਾ ਕਾਰੋਬਾਰ ਕੀਤਾ ਹੈ ਅਤੇ ਇਸ ਨਾਲ ਇਸ ਇਲਾਕੇ ਦੀਆਂ 100 ਤੋਂ ਵੱਧ ਔਰਤਾਂ ਨੂੰ ਰੋਜ਼ਗਾਰ ਵੀ ਮਿਲਿਆ।

ਜਿੱਥੇ ਤੁਕਾਰਾਮ ਦੀ ਨੂੰਹ ਸੋਨਾਲੀ ਬਿਜਾਈ, ਵਾਢੀ, ਪੈਕੇਜਿੰਗ ਵਰਗੇ ਕੰਮਾਂ ਦੀ ਦੇਖਭਾਲ ਕਰਦੀ ਹੈ, ਉੱਥੇ ਹੀ ਉਸ ਦਾ ਲੜਕਾ ਈਸ਼ਵਰ ਵਿਕਰੀ, ਪ੍ਰਬੰਧਨ ਅਤੇ ਵਿੱਤੀ ਯੋਜਨਾ ਦਾ ਕੰਮ ਸੰਭਾਲਦਾ ਹੈ। ਤੁਕਾਰਾਮ ਨੂੰ ਪਿਛਲੇ ਤਿੰਨ ਮਹੀਨਿਆਂ ਦੀ ਮਿਹਨਤ ਦਾ ਬਹੁਤ ਵਧੀਆ ਫ਼ਲ ਮਿਲਿਆ ਹੈ ਕਿਉਂਕਿ ਉਸ ਨੂੰ ਬਾਜ਼ਾਰ ਦੇ ਉਲਟ ਹਾਲਾਤ ਦੇ ਬਾਵਜੂਦ ਇਹ ਫ਼ਾਇਦਾ ਹੋਇਆ। ਨਾਰਾਇਣਗੰਜ ਸਥਿਤ ਝੁੰਨੂੰ ਖੇਤੀ ਉਤਪਾਦਨ ਬਾਜ਼ਾਰ ਕਮੇਟੀ ਦੀ ਮੰਡੀ 'ਚ ਵਧੀਆ ਗੁਣਵੱਤਾ (20 ਕਿਲੋਗ੍ਰਾਮ) ਵਾਲੇ ਟਮਾਟਰ ਦੇ ਕ੍ਰੇਟ ਦੀ ਵੱਧ ਤੋਂ ਵੱਧ ਕੀਮਤ 2, 500 ਰੁਪਏ, ਮਤਲਬ 125 ਰੁਪਏ ਪ੍ਰਤੀ ਕਿਲੋ ਰਹੀ। ਟਮਾਟਰ ਵੇਚ ਕੇ ਕਿਸਾਨਾਂ ਦੇ ਕਰੋੜਪਤੀ ਬਣਨ ਦੀ ਗੱਲ ਸਿਰਫ਼ ਮਹਾਰਾਸ਼ਟਰ ਤਕ ਹੀ ਸੀਮਤ ਨਹੀਂ। ਕਰਨਾਟਕ ਦੇ ਕੋਲਾਰ ਜ਼ਿਲ੍ਹੇ ਦੇ ਇੱਕ ਕਿਸਾਨ ਪਰਿਵਾਰ ਨੇ ਇਸ ਹਫ਼ਤੇ ਟਮਾਟਰ ਦੀਆਂ 2, 000 ਪੇਟੀਆਂ ਵੇਚੀਆਂ ਅਤੇ 38 ਲੱਖ ਰੁਪਏ ਕਮਾ ਕੇ ਘਰ ਪਰਤਿਆ।






# ਕੈਨੇਡਾ 'ਚ ਅਮਰੀਕੀ 8-12 ਵੀਜ਼ਾ ਧਾਰਕਾਂ ਦਾ ਅਰਜ਼ੀ ਕੋਟਾ ਪੂਰਾ, ਭਾਰਤੀਆਂ ਨੂੰ ਮਿਲ ਸਕਦੈ ਵੱਡਾ ਲਾਭ

ਟੋਰਾਂਟੋ – ਅਮਰੀਕਾ ਵਿੱਚ 10,000 ਐੱਚ-1ਬੀ ਵੀਜ਼ਾ ਧਾਰਕਾਂ ਨੂੰ ਦੇਸ਼ ਵਿੱਚ ਆ ਕੇ ਕੰਮ ਕਰਨ ਦੀ ਇਜਾਜ਼ਤ ਦੇਣ ਦੇ ਕੈਨੇਡੀਅਨ ਸਰਕਾਰ ਦੇ ਫੈਸਲੇ, ਜਿਸ ਨਾਲ ਭਾਰਤੀ ਪੇਸ਼ੇਵਰਾਂ ਨੂੰ ਲਾਭ ਹੋਣ ਦੀ ਉਮੀਦ ਹੈ, ਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਇਸ ਯੋਜਨਾ ਨੇ ਪਹਿਲੇ ਦਿਨ ਹੀ ਆਪਣਾ ਟੀਚਾ ਪੂਰਾ ਕਰ ਲਿਆ ਹੈ। 8-12 ਵੀਜ਼ਾ ਇੱਕ ਗੈਰ-ਪ੍ਰਵਾਸੀ ਵੀਜ਼ਾ ਹੈ ਜੋ ਅਮਰੀਕੀ ਕੰਪਨੀਆਂ ਨੂੰ ਵਿਸ਼ੇਸ਼ ਕਿੱਤਿਆਂ ਵਿੱਚ ਵਿਦੇਸ਼ੀ ਕਾਮਿਆਂ ਨੂੰ ਨਿਯੁਕਤ ਕਰਨ ਦੀ ਇਜਾਜ਼ਤ ਦਿੰਦਾ ਹੈ ਜਿਨ੍ਹਾਂ ਲਈ ਸਿਧਾਂਤਕ ਜਾਂ ਤਕਨੀਕੀ ਮੁਹਾਰਤ ਦੀ ਲੋੜ ਹੁੰਦੀ ਹੈ। ਤਕਨਾਲੋਜੀ ਕੰਪਨੀਆਂ ਭਾਰਤ ਅਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਰਮਚਾਰੀਆਂ ਨੂੰ ਨਿਯੁਕਤ ਕਰਨ ਲਈ ਇਸ ਤੇ ਨਿਰਭਰ ਕਰਦੀਆਂ ਹਨ।ਐੱਚ-1ਬੀ ਵੀਜ਼ਾ ਧਾਰਕਾਂ ਲਈ




ਨਵਾਂ ਵਰਕ ਪਰਮਿਟ ਅਧਿਕਾਰਤ ਤੌਰ ਤੇ 16 ਜੁਲਾਈ ਨੂੰ ਅਰਜ਼ੀਆਂ ਲਈ ਖੋਲ੍ਹਿਆ ਗਿਆ ਸੀ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦਾ ਕਹਿਣਾ ਹੈ ਕਿ ਬਿਨੈਕਾਰ ਹੁਣ ਇਸ ਸਕੀਮ ਲਈ ਅਪਲਾਈ ਨਹੀਂ ਕਰ ਸਕਦੇ, ਕਿਉਂਕਿ ਇਸ ਨੂੰ ਬੰਦ ਕਰ ਦਿੱਤਾ ਗਿਆ ਹੈ। IRCC ਨੇ ਆਪਣੀ ਵੈੱਬਸਾਈਟ ਤੇ ਕਿਹਾ, ਅਸੀਂ 17 ਜੁਲਾਈ, 2023 ਨੂੰ ਇਸ ਪਹਿਲਕਦਮੀ ਲਈ 10,000 ਅਰਜ਼ੀਆਂ ਦੀ ਸੀਮਾ ਤੱਕ ਪਹੁੰਚ ਗਏ ਹਾਂ। 8-12 ਵੀਜ਼ਾ ਧਾਰਕਾਂ ਲਈ ਅਸਥਾਈ ਜਨਤਕ ਨੀਤੀ ਹੁਣ ਬੰਦ ਹੋ ਗਈ ਹੈ। 10,000 ਪ੍ਰਾਇਮਰੀ ਬਿਨੈਕਾਰਾਂ ਦੀ ਦਾਖ਼ਲੇ ਦੀ ਹੱਦ ਪੂਰੀ ਹੋ ਗਈ ਹੈ ਅਤੇ ਕੋਈ ਵਾਧੂ ਅਰਜ਼ੀਆਂ ਸਵੀਕਾਰ ਨਹੀਂ ਕੀਤੀਆਂ ਜਾ ਰਹੀਆਂ ਹਨ।ਦੱਸ ਦੇਈਏ ਕਿ ਕੈਨੇਡਾ ਨੇ ਪਿਛਲੇ ਮਹੀਨੇ ਕਈ ਤਰ੍ਹਾਂ ਦੀਆਂ ਉਭਰਦੀਆਂ ਤਕਨਾਲੋਜੀਆਂ ਵਿੱਚ ਇੱਕ ਵਿਸ਼ਵ ਨੇਤਾ ਬਣਨ ਦੀ ਉਮੀਦ ਵਿੱਚ ਇਸ ਸਕੀਮ ਦੀ ਘੋਸ਼ਣਾ ਕੀਤੀ ਸੀ ਅਤੇ ਉਮੀਦ ਹੈ ਕਿ ਇਹ ਅਮਰੀਕੀ ਤਕਨੀਕੀ ਦਿੱਗਜਾਂ ਵੱਲੋਂ ਵੱਡੇ ਪੱਧਰ ਤੇ ਛਾਂਟੀ ਤੋਂ ਪ੍ਰਭਾਵਿਤ ਪੇਸ਼ੇਵਰਾਂ ਨੂੰ ਆਕਰਸ਼ਿਤ ਕਰ ਸਕਦੀ ਹੈ। ਨਵੇਂ ਪ੍ਰੋਗਰਾਮ ਲਈ ਪ੍ਰਵਾਨਿਤ ਬਿਨੈਕਾਰਾਂ ਨੂੰ 3 ਸਾਲਾਂ ਤੱਕ ਦਾ ਓਪਨ ਵਰਕ ਪਰਮਿਟ ਮਿਲੇਗਾ, ਜਿਸਦਾ ਮਤਲਬ ਹੈ ਕਿ ਉਹ ਕੈਨੇਡਾ ਵਿੱਚ ਕਿਤੇ ਵੀ ਲਗਭਗ ਕਿਸੇ ਵੀ ਰੁਜ਼ਗਾਰਦਾਤਾ ਲਈ ਕੰਮ ਕਰਨ ਦੇ ਯੋਗ ਹੋਣਗੇ। ਇਸ ਤੋਂ ਇਲਾਵਾ ਉਨ੍ਹਾਂ ਦੇ ਜੀਵਨ ਸਾਥੀ ਅਤੇ ਆਸ਼ਰਿਤ ਵੀ ਲੋੜ ਪੈਣ @ਤੇ ਵਰਕ ਜਾਂ ਅਧਿਐਨ ਪਰਮਿਟ ਦੇ ਨਾਲ ਅਸਥਾਈ ਨਿਵਾਸੀ ਵੀਜ਼ੇ ਲਈ ਅਰਜ਼ੀ ਦੇਣ ਦੇ ਯੋਗ ਹੋਣਗੇ।ਦੱਸ ਦੇਈਏ ਕਿ ਕੈਨੇਡਾ ਨੇ ਪਿਛਲੇ ਮਹੀਨੇ ਕਈ ਤਰ੍ਹਾਂ ਦੀਆਂ ਉਭਰਦੀਆਂ ਤਕਨਾਲੋਜੀਆਂ ਵਿੱਚ ਇੱਕ ਵਿਸ਼ਵ ਨੇਤਾ ਬਣਨ ਦੀ ਉਮੀਦ ਵਿੱਚ ਇਸ ਸਕੀਮ ਦੀ ਘੋਸ਼ਣਾ ਕੀਤੀ ਸੀ ਅਤੇ ਉਮੀਦ ਹੈ ਕਿ ਇਹ ਅਮਰੀਕੀ ਤਕਨੀਕੀ ਦਿੱਗਜਾਂ ਵੱਲੋਂ ਵੱਡੇ ਪੱਧਰ ਤੇ ਛਾਂਟੀ ਤੋਂ ਪ੍ਰਭਾਵਿਤ ਪੇਸ਼ੇਵਰਾਂ ਨੂੰ ਆਕਰਸ਼ਿਤ ਕਰ ਸਕਦੀ ਹੈ।

# ਹੁਣ ਸ਼੍ਰੀਲੰਕਾ 'ਚ ਵੀ ਚੱਲੇਗਾ ਭਾਰਤੀ ਰੁਪਇਆ, ਸਰਕਾਰ ਨੇ ਦਿੱਤਾ ਪ੍ਰਵਾਨਿਤ ਮੁਦਰਾ ਦਾ ਦਰਜਾ



ਨਵੀਂ ਦਿੱਲੀ- ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਾਸਿੰਘੇ ਬੀਤੇ ਦਿਨੀਂ ਭਾਰਤ ਦੌਰੇ 'ਤੇ ਆਏ ਹੋਏ ਸਨ। ਉਨ੍ਹਾਂ ਦੇ ਇਸ ਦੌਰੇ ਦੌਰਾਨ ਦੋਵਾਂ ਦੇਸ਼ਾਂ ਨੂੰ ਵਿੱਤੀ ਅਤੇ ਆਰਥਿਕ ਸਬੰਧਾਂ ਨੂੰ ਵਧਾਉਣ, ਨਵੇਂ ਪ੍ਰਾਜੈਕਟਾਂ ਅਤੇ ਨਿਵੇਸ਼ਾਂ ਲਈ ਨਵੇਂ ਰਾਹ ਤਲਾਸ਼ਣ ਦਾ ਮੌਕਾ ਮਿਲਣ ਦੇ ਬਾਰੇ ਕਿਹਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਸ਼੍ਰੀਲੰਕਾ ਦੇ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਦੇ ਦੌਰੇ ਨਾਲ ਜੁੜੀ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੀਲੰਕਾ ਭਾਰਤ ਦਾ ਇੱਕ ਮਹੱਤਵਪੂਰਨ ਗੁਆਂਢੀ ਹੈ। ਰਾਸ਼ਟਰਪਤੀ ਵਿਕਰਮਸਿੰਘੇ ਦੇ ਦੌਰੇ ਦੌਰਾਨ ਵਿੱਤੀ ਅਤੇ ਆਰਥਿਕ ਸੰਪਰਕ, ਵਿਕਾਸ ਸਹਿਯੋਗ, ਨਵੇਂ ਪ੍ਰਾਜੈਕਟ, ਨਿਵੇਸ਼ ਵਰਗੇ ਮੁੱਦੇ ਚਰਚਾ ਦਾ ਵਿਸ਼ਾ ਬਣ ਸਕਦੇ ਹਨ।ਸ਼੍ਰੀਲੰਕਾ ਨੇ ਭਾਰਤੀ ਰੁਪਏ ਦਾ ਇੱਕ ਪ੍ਰਵਾਨਿਤ ਮੁਦਰਾ ਦੇ ਰੂਪ ਵਿੱਚ ਐਲਾਨ ਕਰ ਦਿੱਤਾ ਹੈ। ਭਾਰਤੀ ਰੁਪਏ ਨੂੰ ਇੱਕ ਵਿਦੇਸ਼ੀ ਮੁਦਰਾ ਬਣਾਉਣ ਨਾਲ ਨਾ ਸਿਰਫ਼ ਦੋਵਾਂ ਦੇਸ਼ਾਂ ਦੇ ਵਿਚਕਾਰ INR ਵਿੱਚ ਵਪਾਰਕ ਨਿਪਟਾਰਾ ਹੁੰਦਾ ਹੈ, ਸਗੋਂ ਸ਼੍ਰੀਲੰਕਾ ਦਾ ਦੌਰਾ ਕਰਨ ਵਾਲੇ ਭਾਰਤੀ ਸੈਲਾਨੀ ਵੀ ਲੈਨ-ਦੇਨ ਲਈ ਭਾਰਤੀ ਰੁਪਏ ਦਾ ਉਪਯੋਗ ਕਰ ਸਕਦੇ ਹਨ। ਉਹਨਾਂ ਨੂੰ ਉਥੇ ਜਾ ਕੇ ਪੈਸੇ ਬਦਲਾਉਣ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਕਿਹਾ ਕਿ ਸ਼੍ਰੀਲੰਕਾ ਭਾਰਤ ਦਾ ਇੱਕ ਮਹੱਤਵਪੂਰਨ ਗੁਆਂਢੀ ਹੈ। ਰਾਸ਼ਟਰਪਤੀ ਵਿਕਰਮਸਿੰਘੇ ਦੇ ਦੌਰੇ ਦੌਰਾਨ ਵਿੱਤੀ ਅਤੇ ਆਰਥਿਕ ਸੰਪਰਕ, ਵਿਕਾਸ ਸਹਿਯੋਗ, ਨਵੇਂ ਪ੍ਰਾਜੈਕਟ, ਨਿਵੇਸ਼ ਵਰਗੇ ਮੁੱਦੇ ਚਰਚਾ ਦਾ ਵਿਸ਼ਾ ਬਣ ਸਕਦੇ ਹਨ।

ਸੂਤਰਾਂ ਅਨੁਸਾਰ ਪਿਛਲੇ ਸਾਲ ਭਾਰਤ ਨੇ ਸ਼੍ਰੀਲੰਕਾ ਨੂੰ ਲਗਭਗ 4 ਬਿਲੀਅਨ ਡਾਲਰ ਦੀ ਸਹਾਇਤਾ ਦਿੱਤੀ, ਜਿਸ ਵਿੱਚ ਮੁਦਰਾ ਸਹਾਇਤਾ, ਕਰਜ਼ੇ ਦੀ ਮੁਲਤਵੀ ਅਦਾਇਗੀ ਅਤੇ ਭੋਜਨ, ਈਂਧਨ ਅਤੇ ਦਵਾਈਆਂ ਦੀ ਐਮਰਜੈਂਸੀ ਖਰੀਦਦਾਰੀ ਲਈ ਕ੍ਰੈਡਿਟ ਲਾਈਨਾਂ ਸ਼ਾਮਲ ਹਨ। ਜਦੋਂ ਤੋਂ ਸ਼੍ਰੀਲੰਕਾ ਆਰਥਿਕ ਅਰਾਜਕਤਾ ਵਿੱਚ ਡੁੱਬਿਆ ਹੋਇਆ ਹੈ, ਉਸ ਸਮੇਂ ਤੋਂ ਹੀ ਭਾਰਤ ਸਹਾਇਤਾ ਦੇ ਤੌਰ 'ਤੇ ਦਵਾਈਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਕੇ ਟਾਪੂ ਦੇਸ਼ ਦੀ ਮਦਦ ਕਰ ਰਿਹਾ ਹੈ।

ਦੱਸ ਦੇਈਏ ਕਿ ਰਾਸ਼ਟਰਪਤੀ ਰਾਨਿਲ ਵਿਕਰਮਸਿੰਘੇ ਨੇ ਨਵੀਂ ਦਿੱਲੀ ਦੀ ਆਪਣੀ ਪਹਿਲੀ ਸਰਕਾਰੀ ਯਾਤਰਾ ਤੋਂ ਕੁਝ ਦਿਨ ਪਹਿਲਾਂ ਇਹ ਕਿਹਾ ਸੀ ਕਿ ਸ਼੍ਰੀਲੰਕਾ ਭਾਰਤੀ ਰੁਪਏ ਦੀ ਵਰਤੋਂ ਅਮਰੀਕੀ ਡਾਲਰ ਦੇ ਬਰਾਬਰ ਦੇਖਣਾ ਚਾਹੇਗਾ। ਉਹਨਾਂ ਨੇ ਆਪਣੇ ਸੰਬੋਧਨ ਵਿੱਚ ਸ਼੍ਰੀਲੰਕਾ ਦੀ ਅਰਥਵਿਵਸਥਾ ਵਿੱਚ ਭਾਰਤੀ ਰੁਪਏ ਦੀ ਵਰਤੋਂ ਨੂੰ ਵਧਾਉਣ ਦੇ ਬਾਰੇ ਕਿਹਾ ਸੀ। ਸਾਨੂੰ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਭਾਰਤ (ਭਾਰਤੀ ਰੁਪਿਆ) ਇੱਕ ਸਾਂਝੀ ਮੁਦਰਾ ਬਣ ਜਾਂਦਾ ਹੈ।

# 19 ਦਿਨਾਂ 'ਚ ਹੀ 3 ਲੱਖ ਸ਼ਰਧਾਲੂਆਂ ਨੇ ਪਵਿੱਤਰ ਹਿਮਲਿੰਗ ਦੇ ਦਰਸ਼ਨ ਕਰ ਕੇ ਬਣਾਇਆ ਨਵਾਂ ਰਿਕਾਰਡ




ਜੰਮੂ, (ਸੰਜੀਵ)- ਸ਼੍ਰੀ ਅਮਰਨਾਥ ਦੀ ਪਵਿੱਤਰ ਗੁਫਾ 'ਚ ਬਾਬਾ ਬਰਫਾਨੀ ਦੇ ਦਰਸ਼ਨ ਕਰਨ ਵਾਲੇ ਤੀਰਥ ਯਾਤਰੀਆਂ ਦਾ ਅੰਕੜਾ 3 ਲੱਖ ਤੋਂ ਪਾਰ ਹੋ ਗਿਆ ਹੈ। 1 ਜੁਲਾਈ ਤੋਂ ਸ਼ੁਰੂ ਹੋਈ ਯਾਤਰਾ 'ਚ 19 ਦਿਨਾਂ 'ਚ ਹੀ ਤਿੰਨ ਲੱਖ ਤੋਂ ਵੱਧ ਤੀਰਥ ਯਾਤਰੀਆਂ ਨੇ ਪਵਿੱਤਰ ਹਿਮਲਿੰਗ ਦੇ ਦਰਸ਼ਨ ਕਰ ਕੇ ਨਵਾਂ ਰਿਕਾਰਡ ਬਣਾਇਆ ਹੈ। ਜ਼ਿਕਰਯੋਗ ਹੈ ਕਿ ਸ਼੍ਰੀ ਅਮਰਨਾਥ ਯਾਤਰਾ ਅਜੇ 31 ਅਗਸਤ ਤੱਕ ਜਾਰੀ ਰਹੇਗੀ।ਜੰਮੂ ਸਥਿਤ ਭਗਵਤੀ ਨਗਰ ਯਾਤਰੀ ਨਿਵਾਸ ਤੋਂ ਵੀਰਵਾਰ ਨੂੰ 18ਵੇਂ ਜਥੇ 'ਚ 6523 ਤੀਰਥ ਯਾਤਰੀ ਸਖ਼ਤ ਸੁਰੱਖਿਆ ਪ੍ਰਬੰਧਾਂ 'ਚ ਪਹਿਲਗਾਮ ਅਤੇ ਬਾਲਟਾਲ ਲਈ 262 ਛੋਟੇ-ਵੱਡੇ ਵਾਹਨਾਂ 'ਚ ਰਵਾਨਾ ਕੀਤੇ ਗਏ। ਪਹਿਲਗਾਮ ਰਸਤੇ ਯਾਤਰਾ ਕਰਨ ਲਈ 3746 ਅਤੇ ਬਾਲਟਾਲ ਰਸਤੇ ਯਾਤਰਾ ਕਰਨ ਲਈ 2777 ਤੀਰਥ ਯਾਤਰਾ ਰਵਾਨਾ ਹੋਏ ਹਨ। ਉੱਥੇ ਹੀ ਬਾਲੀਵੁੱਡ ਐਕਟਰੈੱਸ ਸਾਰਾ ਅਲੀ ਖਾਨ ਨੇ ਵੀ ਸ਼੍ਰੀ ਅਮਰਨਾਥ ਦੀ ਪਵਿੱਤਰ ਗੁਫਾ 'ਚ ਹਿਮਲਿੰਗ ਦੇ ਦਰਸ਼ਨ ਕੀਤੇ ਹਨ।

# ਪੰਜਾਬ 'ਚ ਪਏ ਭਾਰੀ ਮੀਂਹ ਦੇ ਚੱਲਦਿਆਂ ਕਿਸਾਨਾਂ ਨੂੰ ਇਹ ਵੱਡੀ ਰਾਹਤ ਦੇ ਸਕਦੀ ਹੈ ਮਾਨ ਸਰਕਾਰ

ਜਲੰਧਰ – ਪੰਜਾਬ ਸਰਕਾਰ ਵੱਲੋ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਨੂੰ ਹੋਰ ਸਸਤਾ ਅਤੇ ਸੌਖਾ ਬਨਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਖ਼ਾਸ ਕਰਕੇ ਪੰਜਾਬ ਵਿਚ ਖੇਤੀ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਨੂੰ ਵੱਧ ਤੋਂ ਵੱਧ ਵਰਤਣ ਲਈ ਕਿਸਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਮਸ਼ੀਨਾਂ ਉੱਤੇ ਪੰਜਾਬ ਸਰਕਾਰ ਵੱਲੋਂ ਸਬਸਿਡੀ ਦਿੱਤੀ ਜਾ ਰਹੀ ਹੈ ਤਾਂ ਕਿ ਕਿਸਾਨ ਆਪਣੀਆਂ ਫ਼ਸਲਾਂ ਨੂੰ ਸਹੀ ਢੰਗ ਨਾਲ ਸੰਭਾਲ ਸਕਣ ਅਤੇ ਸਹੀ ਢੰਗ ਨਾਲ ਪਰਾਲੀ ਨੂੰ ਵੀ ਮਸ਼ੀਨਾਂ ਰਾਹੀਂ ਖੇਤਾਂ ਵਿਚ ਹੀ ਮਿਲਾਇਆ ਜਾ ਸਕੇ, ਜਿਸ ਦੇ ਲਈ ਪੰਜਾਬ ਸਰਕਾਰ ਵੱਲੋਂ ਮਸ਼ੀਨਾਂ ਦੇ ਉੱਪਰ ਸਬਸਿਡੀ ਦਿੱਤੀ ਜਾ ਰਹੀ ਸੀ। ਜਿਸ ਦੀ ਆਖਰੀ ਤਾਰੀਖ਼ 20 ਜੁਲਾਈ ਨਿਰਧਾਰਿਤ ਕੀਤੀ ਗਈ ਸੀ ਪਰ ਆਖ਼ਰੀ ਤਾਰੀਖ਼ ਹੋਣ ਦੇ ਬਾਵਜੂਦ ਕਿਸਾਨ ਲਗਾਤਾਰ ਮਸ਼ੀਨਾਂ 'ਤੇ



ਸਬਸਿਡੀ ਲੈਣ ਵਾਸਤੇ ਪੋਰਟਲ 'ਤੇ ਅਪਲਾਈ ਕਰ ਰਹੇ ਹਨ ਵੀਰਵਾਰ ਸ਼ਾਮ ਤਕ ਪੂਰੇ ਪੰਜਾਬ ਦੇ 'ਚ 66,500 ਦੇ ਕਰੀਬ ਕਿਸਾਨਾਂ ਨੇ ਅਪਲਾਈ ਕੀਤਾ ਹੈ। ਕਿਸਾਨਾਂ ਨੇ ਮੰਗ ਕੀਤੀ ਹੈ ਕਿ ਤਾਰੀਖ਼ ਨੂੰ ਵਧਾਇਆ ਜਾਵੇ ਕਿਉਂਕਿ ਬਰਸਾਤ ਕਾਰਨ ਕਈ ਜਗ੍ਹਾ 'ਤੇ ਫ਼ਸਲ ਬੀਜਣ ਦਾ ਸਮਾਂ ਨਹੀਂ ਮਿਲਿਆ।

ਸੀ. ਆਰ. ਐੱਮ. ਸਕੀਮ ਦੇ ਅੰਡਰ 49000 ਅਤੇ ਸਵੇਮਪ 'ਚ 17500 ਕਿਸਾਨ ਕਰ ਚੁੱਕੇ ਹਨ ਅਪਲਾਈ

ਐਗਰੀਕਲਚਰ ਅਧਿਕਾਰੀ ਡਾ. ਜਸਵੰਤ ਰਾਏ ਨੇ ਦੱਸਿਆ ਕਿ ਪੂਰੇ ਪੰਜਾਬ ਦੇ 'ਚ ਹੁਣ ਤੱਕ ਦੋ ਸਕੀਮਾਂ ਦੇ ਤਹਿਤ ਹੁਣ ਤੱਕ 66500 ਕਿਸਾਨਾਂ ਨੇ ਅਪਲਾਈ ਕੀਤਾ ਹੈ। ਸੀ. ਆਰ. ਐੱਮ. ਸਕੀਮ ਦੇ ਤਹਿਤ 49000 ਅਤੇ ਸਵੇਮਪ ਸਕੀਮ ਦੇ ਤਹਿਤ 17500 ਕਿਸਾਨਾਂ ਨੇ ਵੱਖ-ਵੱਖ ਮਸ਼ੀਨਾਂ ਉੱਤੇ ਸਬਸਿਡੀ ਲੈਣ ਵਾਸਤੇ ਅਪਲਾਈ ਕੀਤਾ ਹੈ। ਆਖ਼ਰੀ ਤਰੀਕ ਹੋਣ ਦੇ ਬਾਵਜੂਦ ਵੀ ਕਿਸਾਨ ਲਗਾਤਾਰ ਪੋਰਟਲ @ਤੇ ਅਪਲਾਈ ਕਰ ਰਹੇ ਹਨ।

ਇਸ ਵਾਰ ਕਿਸਾਨਾਂ ਦਾ ਰੁਝਾਨ ਸਬਸਿਡੀ ਲੈਣ ਵੱਲ ਵੱਧ

ਖੇਤੀਬਾੜੀ ਅਧਿਕਾਰੀ ਡਾ. ਜਸਵਿੰਦਰ ਸਿੰਘ ਅਤੇ ਨਵਦੀਪ ਸਿੰਘ ਨੇ ਦੱਸਿਆ ਕਿ ਇਸ ਵਾਰ ਕਿਸਾਨਾਂ ਦਾ ਰੁਝਾਨ ਮਸ਼ੀਨਾਂ ਉੱਤੇ ਸਬਸਿਡੀ ਲੈਣ ਵੱਲ ਵੱਧ ਰਿਹਾ ਹੈ। ਇਸ ਵਾਰ ਕਿਸਾਨ ਪਰਾਲੀ ਦੀ ਸੰਭਾਲ ਵੀ ਕਰਨਗੇ ਅਤੇ ਮੁਨਾਫ਼ਾ ਵੀ ਕਮਾਉਣਗੇ। ਸਕੀਮ ਤਹਿਤ ਸੁਪਰ ਸੀਡਰ, ਮਲਚਰ ਅਤੇ ਜ਼ੀਰੋ ਡਰਿੱਲ ਮਸ਼ੀਨਾਂ ਉੱਤੇ ਸਬਸਿਡੀ ਮਿਲ ਰਹੀ ਹੈ

ਜਲੰਧਰ ਵਿਚ 1860 ਕਿਸਾਨਾਂ ਨੇ ਕੀਤਾ ਅਪਲਾਈ

ਡਾ. ਰਾਏ ਨੇ ਦੱਸਿਆ ਕਿ ਕਿਸਾਨਾਂ ਨੇ ਮਸ਼ੀਨਾਂ ਉੱਤੇ ਸਬਸਿਡੀ ਲੈਣ ਵਾਸਤੇ ਜਲੰਧਰ ਦੇ 'ਚ ਹੀ 1860 ਐਪਲੀਕੇਸ਼ਨ ਪੋਰਟਲ ਉੱਤੇ ਦਰਜ ਕਰਵਾਇਆ ਹੈ। ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਨੂੰ ਲੈ ਕੇ ਲਗਾਤਾਰ ਜਾਗਰੂਕ ਕਰਨ ਲਈ ਕੈਂਪ ਵੀ ਲਗਾਏ ਜਾਂਦੇ ਹਨ ਅਤੇ ਵੱਧ ਤੋਂ ਵੱਧ ਮਸ਼ੀਨਾਂ ਦੀ ਵਰਤੋਂ ਕਰਨ ਲਈ ਵੀ ਕਿਹਾ ਜਾਂਦਾ ਹੈ ਕਿਉਂਕਿ ਮਸ਼ੀਨ ਰਾਹੀਂ ਫ਼ਸਲ ਵਧੀਆ ਹੋ ਜਾਂਦੀ ਹੈ ਅਤੇ ਉਸ ਤੋਂ ਬਾਅਦ ਪਰਾਲੀ ਵੀ ਖੇਤਾਂ ਦੇ 'ਚ ਹੀ ਮਿਲਾ ਦਿੱਤੀ ਜਾ ਸਕਦੀ ਹੈ।

# WORKING CAPITAL R US




## SOLUTIONS

SBA FINANCING

ASSET BASED LOANS


EQUIPMENT FINANCING

ACCOUNTS RECEIVABLES

BUSINESS LINES OF CREDIT

We look forward to your valued inquiry
for our Business Solutions.







**Call (646) 897 3016**

info@workingcapitalrus.com
www. workingcapitalrus.com

IDP USA
INDIA DAY PARADE
LONG ISLAND • NEW YORK

Cordially Invites You To Join



DEEPAK BANSAL
President IDPUSA

Azadi Ka Amrit Mahotsav



VIMAL GOYAL
IDP President

# 12TH INDIA DAY PARADE

## Sunday, August 27th, 2023 at 12:00 pm

Form: PATEL BROTHERS to LIRR Parking Lot of 125 West John St. Hicksville, NY 11801

FREE ADMISSION We welcome All

BIG WIN
RAFFLE TICKET
ROAD TRIP TO INDIA VALUE UPTO $1000

FREE CHILDREN CARNIVAL GAMES

SPECIAL ATTRACTIONS:

Live DJ and Dance Performances, Cultural Programs, Dignitaries, Mouth Watering Food and Shopping, Kids Fun and Activities, Henna & Tattoos, Live DJ and Dance, Live Marching Bands, Garba, Dhol, Bhangra, Dignitaries, and Much More.

GRAND SPONSORS

Omega Storage · PROPERTY PROFESSIONALS · STI CONSULTANTS COMMERCIAL FINANCE · INDIAN VISA CENTER VISA/OCI/PIO/PASSPORT Application Assistance Center

MEDIA PARTNERS

The South Asian Times · Hum Hindustani · INSIDER · NEWS INDIA · TV ASIA · PREET NAMA · The Indian Eye · PTC NEWS · JUS punjabi · 5AAB NOW · CHARDIKLA TIME TV · GLOBAL PUNJAB · Josh · Sanjha Punjab · JEE PUNJABI · The INDIAN PANORAMA · LONG ISLAND

AND MUCH MORE EXITED PRIZES
IDPUSA, 353 South Broadway, Hicksville, NY 110801
Not-For-Profit 501(C) (3) Organization Tax ID Number 47-3999472
Website : wwwidpusa.org

Please Contact for more Information 516 978 7125, 516 304 8808

P&D By: Print Sign Eddy #(516) 697-6200